ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post

Vol 18 * Issue 56

Daily Newspaper Thursday, March 21, 2019

Tel: 905-793-2202 Fax: 905-793-2282 news@punjabipost.ca



Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2


# ਹੁਣ ਸੇਲੀਨਾ ਸੀਜ਼ਰ ਚੇਵਾਨ ਨੇ ਛੱਡਿਆ ਟਰੂਡੋ ਦਾ ਸਾਥ



ਓਟਵਾ, 20 ਮਾਰਚ (ਪੋਸਟ ਬਿਊਰੋ) : ਐਮਪੀ ਸੇਲੀਨਾ ਸੀਜ਼ਰ ਚੇਵਾਨ ਨੇ ਵੀ ਲਿਬਰਲ ਕਾਕਸ ਦਾ ਲੜ ਛੱਡ ਦਿੱਤਾ।
ਬੁੱਧਵਾਰ ਨੂੰ ਹਾਊਸ ਆਫ ਕਾਮਨਜ਼ ਜਾਂਦੇ ਸਮੇਂ ਰਾਹ ਵਿੱਚ ਹੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਸ ਖਬਰ ਦੀ ਪੁਸ਼ਟੀ ਕੀਤੀ ਗਈ। ਟਰੂਡੋ ਨੇ ਆਖਿਆ ਕਿ ਉਨ੍ਹਾਂ ਦੇ ਆਫਿਸ ਵੱਲੋਂ ਹੁਣੇ ਹੀ ਉਨ੍ਹਾਂ ਨੂੰ ਇਹ ਜਾਣਕਾਰੀ ਹਾਸਲ ਹੋਈ ਹੈ ਕਿ ਸੇਲੀਨਾ ਸੀਜ਼ਰ ਚੇਵਾਨ ਵੱਲੋਂ ਆਜ਼ਾਦ ਉਮੀਦਵਾਰ ਵਜੋਂ ਅਗਲੀ ਲੜਾਈ ਲੜਨ ਦਾ ਫੈਸਲਾ ਕੀਤਾ ਗਿਆ ਹੈ। ਟਰੂਡੋ ਨੇ ਆਖਿਆ ਕਿ ਲਿਬਰਲ ਪਾਰਟੀ ਲਈ ਨਿਭਾਈਆਂ ਗਈਆਂ ਉਨ੍ਹਾਂ ਦੀਆਂ ਸੇਵਾਵਾਂ ਲਈ ਉਹ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੁੰਦੇ ਹਨ ਤੇ ਭਵਿੱਖ ਲਈ ਵੀ ਉਨ੍ਹਾਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹਨ।
ਬਾਅਦ ਵਿੱਚ ਟਰੂਡੋ ਨੇ ਇਹ ਖੁਲਾਸਾ ਕੀਤਾ ਕਿ ਉਨ੍ਹਾਂ ਨੂੰ ਇਹ ਖਬਰ ਈਮੇਲ ਰਾਹੀਂ ਮਿਲੀ। ਸੀਜ਼ਰ ਚੇਵਾਨ ਨੇ ਪਾਰਟੀ ਤੋਂ ਆਪਣੇ ਤੋੜ ਵਿਛੋੜੇ ਦੀ ਖਬਰ ਟਵੀਟ ਕਰਕੇ ਆਪਣੇ ਸਮਰਥਕਾਂ ਨੂੰ ਦਿੱਤੀ। ਇਸ ਵਿੱਚ ਉਨ੍ਹਾਂ ਆਖਿਆ ਕਿ ਪਿੱਛੇ ਜਿਹੇ ਗਲੋਬ ਐਂਡ ਮੇਲ ਨਾਲ ਕੀਤੀ ਗਈ ਇੰਟਰਵਿਊ ਤੋਂ ਬਾਅਦ ਉਨ੍ਹਾਂ ਇਹ ਮਹਿਸੂਸ ਕੀਤਾ ਕਿ ਜਿਨ੍ਹਾਂ ਲੋਕਾਂ ਦੀ ਉਹ ਕੇਅਰ ਕਰਦੀ ਹੈ ਉਨ੍ਹਾਂ ਉੱਤੇ ਇਸਦਾ ਅਣਇੱਛਤ ਪ੍ਰਭਾਵ ਪਵੇਗਾ।
ਆਪਣੀ ਇਸੇ ਇੰਟਰਵਿਊ ਦੀ ਗੱਲ ਕਰਦਿਆਂ ਚੇਵਾਨ ਨੇ ਪ੍ਰਧਾਨ ਮੰਤਰੀ ਨਾਲ ਹੋਈ ਪ੍ਰਾਈਵੇਟ ਗੱਲਬਾਤ ਦਾ ਖੁਲਾਸਾ ਕੀਤਾ। ਉਨ੍ਹਾਂ ਆਖਿਆ ਕਿ ਜਦੋਂ ਉਨ੍ਹਾਂ ਟਰੂਡੋ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਇਹ ਦੱਸਿਆ ਕਿ ਉਹ ਆਉਣ ਵਾਲੀਆਂ ਚੋਣਾਂ ਵਿੱਚ ਦੁਬਾਰਾ ਖੜ੍ਹੇ ਹੋਣ ਦਾ ਇਰਾਦਾ ਨਹੀਂ ਰੱਖਦੀ ਤਾਂ ਉਨ੍ਹਾਂ ਨੂੰ ਟਰੂਡੋ ਦੇ ਗੁੱਸੇ ਤੇ ਕੁੜੱਤਣ ਦਾ ਸਾਹਮਣਾ ਕਰਨਾ ਪਿਆ। ਪਰ ਇਸ ਤੋਂ ਪਹਿਲਾਂ 7 ਮਾਰਚ ਨੂੰ ਕੀਤੇ ਟਵੀਟ ਵਿੱਚ ਵੀ ਚੇਵਾਨ ਵੱਲੋਂ ਲਾਏ ਗਏ ਇਨ੍ਹਾਂ ਦੋਸ਼ਾਂ ਬਾਰੇ ਪ੍ਰਤੀਕਿਰਿਆ ਕਰਦਿਆਂ ਪ੍ਰਧਾਨ ਮੰਤਰੀ ਆਫਿਸ ਦੇ ਬੁਲਾਰੇ ਮੈਟ ਪਾਸਕੁਜ਼ੋ ਇਸ ਤੋਂ ਇਨਕਾਰ ਕਰ ਚੁੱਕੇ ਹਨ ਕਿ ਚੇਵਾਨ ਨਾਲ ਟਰੂਡੋ ਵੱਲੋਂ ਗਲਤ ਵਿਵਹਾਰ ਕੀਤਾ ਗਿਆ ਹੈ।
ਇੱਥੇ ਦੱਸਣਾ ਬਣਦਾ ਹੈ ਕਿ ਵ੍ਹਿਟਬੀ, ਓਨਟਾਰੀਓ ਤੋਂ ਐਮਪੀ ਚੇਵਾਨ ਤੋਂ ਪਹਿਲਾਂ ਵੀ ਦੋ ਹੋਰ ਲਿਬਰਲ ਐਮਪੀਜ਼ ਜੋਡੀ ਵਿਲਸਨ ਰੇਅਬੋਲਡ ਤੇ ਜੇਨ ਫਿਲਪੌਟ ਟਰੂਡੋ ਮੰਤਰੀ ਮੰਡਲ ਤੋਂ ਅਸਤੀਫਾ ਦੇ ਚੁੱਕੇ ਹਨ। ਉਦੋਂ ਇਨ੍ਹਾਂ ਦੋਵਾਂ ਐਮਪੀਜ਼ ਦੇ ਸਮਰਥਨ ਵਿੱਚ ਵੀ ਚੇਵਾਨ ਵੱਲੋਂ ਕਈ ਟਵੀਟ ਕੀਤੇ ਗਏ ਸਨ। ਚੇਵਾਨ ਨੇ ਉਸ ਸਮੇਂ ਇਹ ਵੀ ਲਿਖਿਆ ਸੀ "ਜਦੋਂ ਤੁਸੀਂ ਔਰਤਾਂ ਨੂੰ ਸ਼ਾਮਲ ਕਰਦੇ ਹੋਂ ਤਾਂ ਯਥਾਸਥਿਤੀ ਬਹਾਲ ਰੱਖਣ ਦੀ ਉਮੀਦ ਨਾ ਕਰੋ। ਸਾਡੇ ਤੋਂ ਸਹੀ ਫੈਸਲੇ ਲੈਣ ਦੀ ਉਮੀਦ ਕਰੋ। ਅਸੀਂ ਉਸ ਸਮੇਂ ਖੜ੍ਹੀਆਂ ਹੁੰਦੀਆਂ ਹਾਂ ਜਦੋਂ ਸਹੀ ਫੈਸਲੇ ਲਏ ਜਾਂਦੇ ਹਨ ਤੇ ਉਸ ਸਮੇਂ ਸਾਥ ਛੱਡ ਦਿੰਦੀਆਂ ਹਾਂ ਜਦੋਂ ਕਦਰਾਂ ਕੀਮਤਾਂ ਨਾਲ ਸਮਝੌਤਾ ਕੀਤਾ ਜਾਂਦਾ ਹੈ।"

# ਟੈਵਰਨਰ ਦੀ ਨਿਯੁਕਤੀ ਦੇ ਮਾਮਲੇ ਵਿੱਚ ਇੰਟੇਗ੍ਰਿਟੀ ਕਮਿਸ਼ਨਰ ਨੇ ਫੋਰਡ ਨੂੰ ਦਿੱਤੀ ਕਲੀਨ ਚਿੱਟ



ਟੋਰਾਂਟੋ, 20 ਮਾਰਚ (ਪੋਸਟ ਬਿਊਰੋ) : ਡੱਗ ਫੋਰਡ ਦੇ ਨਜ਼ਦੀਕੀ ਦੋਸਤ ਨੂੰ ਓਨਟਾਰੀਓ ਦਾ ਟੌਪ ਕੌਪ ਬਣਾਏ ਜਾਣ ਦੀ ਪ੍ਰਕਿਰਿਆ ਨੁਕਸ ਵਾਲੀ ਸੀ ਪਰ ਇਸ ਵਿੱਚ ਪ੍ਰੀਮੀਅਰ ਵੱਲੋਂ ਕਿਸੇ ਕਿਸਮ ਦੀ ਭੂਮਿਕਾ ਨਿਭਾਅ ਕੇ ਕੋਈ ਨਿਯਮ ਨਹੀਂ ਤੋੜੇ ਗਏ। ਇਹ ਖੁਲਾਸਾ ਪ੍ਰੋਵਿੰਸ ਦੇ ਇੰਟੇਗ੍ਰਿਟੀ ਕਮਿਸ਼ਨਰ ਵੱਲੋਂ ਕੀਤਾ ਗਿਆ।
ਬੁੱਧਵਾਰ ਨੂੰ ਜਾਰੀ ਕੀਤੀ ਗਈ ਰਿਪੋਰਟ ਵਿੱਚ ਜੇ. ਡੇਵਿਡ ਵੇਕ ਨੇ ਆਖਿਆ ਕਿ ਜਦੋਂ ਪਿਛਲੇ ਸਾਲ ਟੋਰਾਂਟੋ ਪੁਲਿਸ ਸੁਪਰਡੈਂਟ ਰੌਨ ਟੈਵਰਨਰ ਨੂੰ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦਾ ਮੁਖੀ ਨਿਯੁਕਤ ਕੀਤਾ ਗਿਆ ਸੀ ਤਾਂ ਇਸ ਪ੍ਰਕਿਰਿਆ ਤੋਂ ਫੋਰਡ ਪਾਸੇ ਹੀ ਰਹੇ ਸਨ। ਉਨ੍ਹਾਂ ਇਹ ਵੀ ਆਖਿਆ ਕਿ ਇਸ ਸਾਰੀ ਕਾਰਵਾਈ ਲਈ ਰਕਰੂਟਮੈਂਟ ਪ੍ਰਕਿਰਿਆ ਨੂੰ ਅਮਲ ਵਿੱਚ ਲਿਆਂਦਾ ਗਿਆ ਸੀ ਪਰ ਮੰਦਭਾਗੀ ਗੱਲ ਇਹ ਹੈ ਕਿ ਉਸ ਪ੍ਰਕਿਰਿਆ ਵਿੱਚ ਕਈ ਖਾਮੀਆਂ ਸਨ।
ਜ਼ਿਕਰਯੋਗ ਹੈ ਕਿ 72 ਸਾਲਾ ਟੈਵਰਨਰ ਨੇ ਇਸ ਅਹੁਦੇ ਉੱਤੇ ਵਿਚਾਰ ਕਰਨ ਲਈ ਆਪਣਾਂ ਨਾਂ ਇਸੇ ਮਹੀਨੇ ਵਾਪਿਸ ਲੈ ਲਿਆ ਸੀ। ਇਸ ਨਾਲ ਉਨ੍ਹਾਂ ਦੀ ਨਿਯੁਕਤੀ ਬਾਰੇ ਵਿਵਾਦ ਹੋਰ ਡੂੰਘਾ ਹੋ ਗਿਆ ਸੀ। ਉਨ੍ਹਾਂ ਦੀ ਨਿਯੁਕਤੀ ਸਮੇਂ ਹਾਇਰਿੰਗ ਪ੍ਰਕਿਰਿਆ ਵਿੱਚ ਸਿਆਸੀ ਦਖਲ ਦੇ ਦੋਸ਼ ਲੱਗਦੇ ਰਹੇ ਹਨ। ਇੰਟੇਗ੍ਰਿਟੀ ਕਮਿਸ਼ਨਰ ਦੀ ਇਸ ਰਿਪੋਰਟ ਤੋਂ ਬਾਅਦ ਫੋਰਡ ਨੇ ਆਖਿਆ ਕਿ ਇਨ੍ਹਾਂ ਲੱਭਤਾਂ ਨਾਲ ਉਨ੍ਹਾਂ ਨੂੰ ਤੇ ਉਨ੍ਹਾਂ ਦੀ ਟੀਮ ਨੂੰ ਇਸ ਮਾਮਲੇ ਵਿੱਚ ਕਲੀਨ ਚਿੱਟ ਮਿਲ ਗਈ ਹੈ।

# ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਜਵਾਬ ਹਾਸਲ ਕਰਨ ਲਈ ਟੋਰੀਜ਼ ਨੇ ਲਾਂਚ ਕੀਤੀ ਮੈਰਾਥਨ ਵੋਟਿੰਗ



ਓਟਵਾ, 20 ਮਾਰਚ (ਪੋਸਟ ਬਿਊਰੋ) : ਫੈਡਰਲ ਕੰਜ਼ਰਵੇਟਿਵਾਂ ਨੇ ਬੁੱਧਵਾਰ ਸ਼ਾਮ ਨੂੰ ਹਾਊਸ ਆਫ ਕਾਮਨਜ਼ ਵਿੱਚ ਮੈਰਾਥਨ ਵੋਟਿੰਗ ਸੈਸ਼ਨ ਲਾਂਚ ਕੀਤਾ ਤੇ ਆਖਿਆ ਕਿ ਐਸਐਨਸੀ-ਲਾਵਾਲਿਨ ਵਿਵਾਦ ਉੱਤੇ ਪਰਦਾ ਪਾਉਣ ਲਈ ਲਿਬਰਲਾਂ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਸਫਲ ਨਹੀਂ ਹੋਣ ਦਿੱਤਾ ਜਾਵੇਗਾ।
ਇੱਥੇ ਦੱਸਣਾ ਬਣਦਾ ਹੈ ਕਿ ਦਿਨ ਵੇਲੇ ਕੰਜ਼ਰਵੇਟਿਵਾਂ ਵੱਲੋਂ ਇਹ ਮਤਾ ਲਿਆਂਦਾ ਗਿਆ ਸੀ ਕਿ ਸਰਕਾਰ ਵੱਲੋਂ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਵਿਲਸਨ ਰੇਅਬੋਲਡ ਦੀਆਂ ਉਨ੍ਹਾਂ ਟਿੱਪਣੀਆਂ ਦਾ ਨੋਟਿਸ ਲੈਣਾ ਬਣਦਾ ਸੀ ਜਿਸ ਵਿੱਚ ਉਨ੍ਹਾਂ ਹਾਊਸ ਦੀ ਨਿਆਂ ਕਮੇਟੀ ਸਾਹਮਣੇ ਪੇਸ਼ ਹੋ ਕੇ ਆਪਣਾ ਪੂਰਾ ਪੱਖ ਨਾ ਰੱਖਣ ਦਾ ਜ਼ਿਕਰ ਕੀਤਾ ਸੀ ਤੇ ਜਿਸ ਵਜ੍ਹਾ ਕਰਕੇ ਉਨ੍ਹਾਂ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ, ਪਰ ਇਸ ਮਤੇ ਖਿਲਾਫ ਵੋਟ ਪਾ ਕੇ ਲਿਬਰਲਾਂ ਨੇ ਇਸ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਹੀ ਕੰਜ਼ਰਵੇਟਿਵ ਮੈਰਾਥਨ ਸੈਸ਼ਨ ਲੈ ਕੇ ਆਏ।

...ਬਾਕੀ ਪੰਨਾ 6 'ਤੇ

# ਕੈਨੇਡਾ ਛੱਡਣ ਵਾਲਿਆਂ ਦਾ ਟਰੈਕ ਰਿਕਾਰਡ ਰੱਖਣ ਲਈ ਡਾਟਾ ਇੱਕਠਾ ਕਰੇਗੀ ਫੈਡਰਲ ਸਰਕਾਰ



ਓਟਵਾ, 20 ਮਾਰਚ (ਪੋਸਟ ਬਿਊਰੋ) : ਕੈਨੇਡਾ ਤੋਂ ਜਾਣ ਵਾਲੇ ਸਾਰੇ ਵਿਅਕਤੀਆਂ ਦਾ ਡਾਟਾ ਹੁਣ ਜਲਦ ਹੀ ਫੈਡਰਲ ਸਰਕਾਰ ਵੱਲੋਂ ਇੱਕਠਾ ਕੀਤਾ ਜਾਇਆ ਕਰੇਗਾ। ਇਹ ਕਦਮ ਸਰਕਾਰ ਵੱਲੋਂ ਸੰਭਾਵੀ ਅੱਤਵਾਦੀਆਂ ਦਾ ਟਰੈਕ ਰਿਕਾਰਡ ਰੱਖਣ ਤੇ ਜਾਂ ਫਿਰ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਫਾਇਦੇ ਲੈਣ ਲਈ ਝੂਠ ਬੋਲ ਕੇ ਇੱਥੇ ਰਹਿਣ ਵਾਲਿਆਂ ਖਿਲਾਫ ਸਖ਼ਤੀ ਕਰਨ ਦੇ ਮੰਤਵ ਕਾਰਨ ਚੁੱਕਿਆ ਜਾ ਰਿਹਾ ਹੈ। ਇਹ ਨਵੇਂ ਮਾਪਦੰਡ ਇਸ ਸਾਲ ਦੇ ਅੰਤ ਤੱਕ ਪ੍ਰਭਾਵੀ ਹੋਣ ਦੀ ਸੰਭਾਵਨਾ ਹੈ। ਇਸ ਨਾਲ ਬਾਰਡਰ ਸਕਿਊਰਿਟੀ ਮਜ਼ਬੂਤ ਹੋਣ ਦੇ ਨਾਲ ਨਾਲ ਸਥਾਈ ਵਾਸੀਆਂ ਦੀ ਰਿਹਾਇਸ਼ ਲਈ ਲੋੜੀਂਦੇ ਨਿਯਮਾਂ ਨੂੰ ਲਾਗੂ ਕੀਤੇ ਜਾਣ ਤੇ ਨਿਯਮਾਂ ਮੁਤਾਬਕ ਦੇਸ਼ ਛੱਡ ਕੇ ਨਾ ਜਾਣ ਵਾਲਿਆਂ ਉੱਤੇ ਸਖ਼ਤੀ ਕਰਨ ਦਾ ਉਪਰਾਲਾ ਕੀਤਾ ਜਾਵੇਗਾ।
ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਕਿੰਨੇ ਅਜਿਹੇ ਵਿਜ਼ਿਟਰ ਹਨ ਜਿਹੜੇ ਇੱਥੇ ਸਮੇਂ ਨਾਲੋਂ ਜ਼ਿਆਦਾ ਰਹਿ ਰਹੇ ਹਨ, ਪਨਾਹ ਹਾਸਲ ਕਰਨ ਵਿੱਚ ਅਸਫਲ ਰਹੇ ਤੇ ਇਹ ਨਵਾਂ ਐਗਜ਼ਿਟ ਸਿਸਟਮ ਕਿੰਨੇ ਮੁਜਰਮਾਂ ਨੂੰ ਕਾਬੂ ਕਰੇਗਾ। ਪਰ ਇੰਪਲਾਇਮੈਂਟ ਐਂਡ ਸੋਸ਼ਲ ਡਿਵੈਲਪਮੈਂਟ ਕੈਨੇਡਾ ਤੇ ਦ ਕੈਨੇਡਾ ਰੈਵਨਿਊ ਏਜੰਸੀ, ਜਿਸਦੀ ਡਾਟਾ ਤੱਕ ਪਹੁੰਚ ਹੈ, ਤੋਂ ਆਸ ਕੀਤੀ ਜਾ ਰਹੀ ਹੈ ਕਿ ਇਹ ਦੋਵੇਂ ਏਜੰਸੀਆਂ ਕਈ ਅਜਿਹੇ ਕੈਨੇਡੀਅਨਾਂ ਨੂੰ ਕਾਬੂ ਕਰਨ ਵਿੱਚ ਕਾਮਯਾਬ ਰਹਿਣਗੀਆਂ ਜਿਹੜੇ ਦੇਸ਼ ਤੋਂ ਬਾਹਰ ਰਹਿ ਰਹੇ ਹਨ ਤੇ ਹੋਰ ਫਾਇਦੇ ਲੈਣ ਦੇ ਹੱਕਦਾਰ ਨਹੀਂ ਹਨ।

## ਅੰਦਰ ਪੜ੍ਹੋ


ਇਮਾਰਤ ਵਿੱਚ ਅੱਗ ਲੱਗਣ ਮਗਰੋਂ ਤਿੰਨ ਵਿਅਕਤੀਆਂ ਨੂੰ ਹਸਪਤਾਲ ਵਿੱਚ ਕਰਵਾਇਆ ਗਿਆ ਦਾਖਲ — ਪੰਨਾ 03

ਭਾਰਤ ਦਾ ਭਗੌੜਾ ਘੁਟਾਲੇਬਾਜ਼ ਨੀਰਵ ਮੋਦੀ ਲੰਡਨ ਵਿੱਚ ਫੜਿਆ ਗਿਆ — ਪੰਨਾ 04







Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Axsel Insurance Brokers Ltd.
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

INSURANCE
Home, Auto, Business, Trucking, R.E.S.P, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਮਿਰਚਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ
1200 Derry Road E, #15, Mississauga, ON L5T 0B3
Shinder Kelley 905-362-0755

HSBA TAX SERVICES
Personal/Corporation Tax
Bookkeeping Services
Business/Corporation Registration
HST/WSIB/ Payroll Tax
Tax Planning/Audits
Financial Statements
647-720-5278 Prabhjot Kaur
Email: info@hsbatax.com Sr. Accountant, M.B.A
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca ksgpestcontrol@gmail.com
Amarjeet Singh Gill Certified & Licensed Exterminator
647.990.3205

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001



PUNJAB SINDH FINANCE
TRUCK/TRAILER LOAN & REFINANCE

PUNJAB SINDH FINANCE · EVERY MAKES A DIFFERENCE · PSF

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)



TOTAL HOME Windows & Doors
ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਉ!

WINTER & SPRING SPECIAL SALE

Guaranteed lowest Price up to 50% OFF

- WINDOWS
- FIBERGLASS DOORS
- STEEL DOORS
- SLIDING PATIO DOORS

- Honest & fair prices
- Professional installation
- High quality products
- First class service



For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com



JR Chartered Professional Accountant
Rajwinder Johal
PROFESSIONAL CORPORATION

**TAX SEASON!!!**
For all your Accounting and Tax needs call 416 823 2556

**Services offered:**
- Personal Taxes starting at $40
- New business incorporation starting at $50
- Corporate taxes starting at $100
- Full Charge Bookkeeping and Accounting (monthly rate starting at $100), includes following: Accounts Receivable/ Payable/ Bank and Credit Card Reconciliations. Payroll preparation and source deduction filing. HST and WSIB registration Government remittances (HST/ ROE/ all T - slips and T4s. *QuickBooks online will be used, which provides you with an access to you books from anywhere the world.*

Please contact me today for more information!
Or visit my website: www.rjohalcpa.ca or Call (416) 823 2556.



ਮੂੰਹ ਬੋਲਦੀ Kitchen and Washroom ਬਣਵਾਉ

Pearson
Kitchen & Cabinet

Free Estimate
We Specialize in granite, quartz & marble countertops





We Specialize In: 100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call Vikramjit Sangha: 416-200-0931

Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)






chatr AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਮਿਹਣਾ ਮਾਰਿਆ ਰਾਹੁਲ ਨੇ ਬਹੁਤ ਵੱਡਾ,
ਭਾਜੀ ਦਿੱਤੀ ਸੀ ਮੋਦੀ ਇਹ ਮੋੜ ਮੀਆਂ।
ਰਾਹੁਲ ਨੁਕਤੇ ਗਿਣਾਏ ਸੀ ਬੜੇ ਪਹਿਲਾਂ,
ਦਿੱਤਾ ਮੋਦੀ ਵੀ ਬਹੁਤ ਕੁਝ ਜੋੜ ਮੀਆਂ।
ਦਿਨ ਚੋਣਾਂ ਦੇ, ਦੋਵਾਂ ਨਹੀਂ ਚੁੱਪ ਰਹਿਣਾ,
ਏਦਾਂ ਈ ਬੋਲਣਾ ਵਕਤ ਦੀ ਲੋੜ ਮੀਆਂ।
ਜਾਂਦੀ ਜਿਵੇਂ ਮੁਹਿੰਮ ਇਹ ਨਿੱਤ ਚੜ੍ਹਦੀ,
ਸੁੱਟਦੇ ਪੱਥਰ ਵੀ ਜਾਪ ਰਹੇ ਰੋੜ ਮੀਆਂ।
ਟਿਕੀ ਅੱਖ ਜਦ ਚੋਣ ਦੀ ਜਿੱਤ ਤੀਕਰ,
ਜਨਤਾ ਖੌਰੇ ਕੀ ਨਕਸ਼ ਵਿਖਾਊ ਮੀਆਂ।
ਲੋਕ ਕਹਿਣ ਕਿ ਜਾਏਗਾ ਜਿੱਤ ਆਖਰ,
ਜਿਹੜਾ ਲੋਕਾਂ ਦਾ ਉੱਲੂ ਬਣਾਊ ਮੀਆਂ।

ਤੀਸ ਮਾਰ ਖਾਂ

# ਐਮ ਪੀ ਕਮਲ ਖੈਹਰਾ ਨੇ ਬੱਜਟ ਨੂੰ ਬਰੈਂਪਟਨ ਵਾਸੀਆਂ ਲਈ ਤਬਦੀਲੀ ਲਿਆਉਣ ਵਾਲਾ ਕਰਾਰ ਦਿੱਤਾ

ਓਟਾਵਾ, ਪੋਸਟ ਬਿਊਰੋ- ਵਿੱਤ ਮੰਤਰੀ ਬਿੱਲ ਮੋਰਨੂ ਪੇਸ਼ ਬੱਜਟ ਪੇਸ਼ ਉੱਤੇ ਪ੍ਰਤੀਕਰਮ ਕਰਦੇ ਹੋਏ ਮੈਂਬਰ ਪਾਰਲੀਮੈਂਟ ਬੀਬੀ ਕਮਲ ਖੈਹਰਾ ਨੇ ਕਿਹਾ ਹੈ ਕਿ ਇਸ ਯੋਜਨਾ ਵਿੱਚ ਬਰੈਂਪਟਨ ਵਾਸੀਆਂ ਲਈ ਅਰਥ-ਭਰਪੂਰ ਤਬਦੀਲੀਆਂ ਸ਼ਾਮਲ ਕੀਤੀਆਂ ਗਈਆਂ ਹਨ। ਪਹਿਲੀ ਵਾਰ ਘਰ ਖਰੀਦਣ ਲਈ ਮਿਲਣ ਵਾਲੇ ਲਾਭ ਨਾਲ ਪਹਿਲੀ ਵਾਰ ਮਕਾਨ ਖਰੀਦਣ ਵਾਲਿਆਂ ਨੂੰ ਹਰ ਮਹੀਨੇ ਘੱਟ ਮੌਰਗੇਜ਼ ਅਦਾ ਕਰਨੀ ਪਵੇਗੀ। ਨਸਲਵਾਦ ਵਿਰੋਧੀ ਕੌਮੀ ਰਣਨੀਤੀ ਤਿਆਰ ਕਰਨ ਵਾਸਤੇ ਕੈਨੇਡਾ ਭਰ ਵਿੱਚ ਸਲਾਹ ਮਸ਼ਵਰੇ ਕਰਨ ਲਈ ਬੱਜਟ ਵਿੱਚ 23 ਮਿਲੀਅਨ ਡਾਲਰ ਰੱਖੇ ਗਏ ਹਨ ਅਤੇ ਔਰਤਾਂ ਅਤੇ ਲੜਕੀਆਂ ਵਿਰੁੱਧ ਨਸਲਵਾਦ ਅਤੇ ਪੱਖਵਾਦ ਨਾਲ ਲੜਨ ਵਾਲੇ ਪ੍ਰੋਗਰਾਮਾਂ ਵਾਸਤੇ ਵਧੇਰੇ ਫੰਡ ਰੱਖੇ ਗਏ ਹਨ।

ਬੀਬੀ ਕਮਲ ਖੈਹਰਾ ਨੇ ਕਿਹਾ, "ਸਾਡੇ ਸ਼ਹਿਰ ਵਿੱਚ ਰਾਇਰਸਨ ਯੂਨੀਵਰਸਿਟੀ ਵੱਲੋਂ ਨਿਵੇਸ਼ ਕੀਤੇ ਜਾਣ ਕਰਕੇ ਬਰੈਂਪਟਨ ਸਾਈਬਰ ਸਿਕਿਉਰਿਟੀ ਵਿੱਚ ਮੋਹਰੀ ਹੈ। ਇਹ ਵੇਖਣਾ ਬਹੁਤ ਵੱਡੀ ਗੱਲ ਹੈ ਕਿ 2019 ਦਾ ਬੱਜਟ ਸਾਡੇ ਦੇਸ਼ ਨੂੰ ਸਾਈਬਰ ਸਿਕਿਉਰਿਟੀ ਤਕਨਾਲੋਜੀ ਦੇ ਫਰੰਟ ਉੱਤੇ ਮੋਹਰੀ ਰਹਿਣ ਵਿੱਚ ਮਦਦ ਕਰ ਰਿਹਾ ਹੈ। ਇਹ ਜਾਣਦੇ ਹੋਏ



ਕਿ ਬਰੈਂਪਟਨ ਦੇ ਬੁਨਿਆਦੀ ਢਾਂਚੇ ਵਿੱਚ 246 ਮਿਲੀਅਨ ਡਾਲਰ ਦਾ ਪਾੜਾ ਹੈ, ਇਹ ਮਹੱਤਵਪੂਰਣ ਹੈ ਕਿ ਫੈਡਰਲ ਸਰਕਾਰ 2.2 ਬਿਲੀਅਨ ਡਾਲਰ ਦੇ ਨਿਵੇਸ਼ਨ ਨਾਲ ਮਿਉਂਸਪੈਲਟੀਆਂ ਨੂੰ ਸਿੱਧੇ ਮਿਲਣ ਵਾਲੇ ਫੰਡਾਂ ਨੂੰ ਦੁੱਗਣਾ ਕਰ ਰਹੀ ਹੈ। ਇੱਕ ਰਜਿਸਟਰਡ ਨਰਸ ਵਜੋਂ ਮੈਂ ਇਹ ਵੇਖ ਚੁੱਕੀ ਹਾਂ ਕਿ ਡਾਕਟਰ ਵੱਲੋਂ ਲਿਖੀਆਂ ਦਵਾਈਆਂ ਤੱਕ ਪਹੁੰਚ ਦੀ ਘਾਟ ਕੈਨੇਡੀਅਨਾਂ ਦੀ ਸਿਹਤ ਉੱਤੇ ਕਿੰਨਾ ਅਸਰ ਪਾਉਂਦੀ ਹੈ। ਇਹ ਬੱਜਟ ਸਹੀ ਦਿਸ਼ਾ ਵੱਲ ਠੋਸ ਕਦਮ ਹੈ। ਬਰੈਂਪਟਨ ਵੈਸਟ ਦੇ ਛੋਟੀ ਉਮਰ ਦੇ ਪਰਿਵਾਰ ਆਪਣਾ ਪਹਿਲਾ ਮਕਾਨ ਖਰੀਦਣ ਲਈ ਸੰਘਰਸ਼ ਕਰ ਰਹੇ ਹਨ, ਪਹਿਲੀ ਵਾਰ ਘਰ ਖਰੀਦਣ ਲਈ ਨਵਾਂ ਲਾਭ ਮੌਰਗੇਜ਼ ਦੇ ਵਜ਼ਨ ਨੂੰ ਘੱਟ ਕਰਕੇ ਇਸਦਾ ਹੱਲ ਕਰੇਗਾ।"

ਮਿਉਂਸਪੈਲਟੀਆਂ ਨੂੰ ਮਿਲਣ ਵਾਲੇ ਫੰਡਾਂ ਨੂੰ ਦੁੱਗਣਾ ਕਰਦੇ ਹੋਏ 2019 ਦਾ ਬੱਜਟ ਮਿਉਂਸਪੈਲਟੀਆਂ ਨੂੰ 2.2 ਬਿਲੀਅਨ ਡਾਲਰ ਦੀ ਸਿੱਧੀ ਟਰਾਂਸਫਰ ਨਾਲ ਉਹਨਾਂ ਨੂੰ ਥੋੜੇ ਸਮੇਂ ਦੀਆਂ ਬੁਨਿਆਦੀ ਢਾਂਚੇ ਦੀਆਂ ਪਹਿਲਤਾਵਾਂ ਨੂੰ ਪੂਰਾ ਕਰਨ ਵਿੱਚ ਮਦਦ ਕਰੇਗਾ। ਇੰਮੀਗਰੇਸ਼ਨ ਫਰਾਡ ਨੂੰ ਰੋਕਣ ਲਈ, ਪਬਲਿਕ ਵਿੱਚ ਚੇਤਨਾ ਪੈਦਾ ਕਰਨ, ਇੰਮੀਗਰੇਸ਼ਨ ਸਲਾਹਕਾਰਾਂ ਦੇ ਕੰਮ ਉੱਤੇ ਵਧੇਰੇ ਨਜ਼ਰਸਾਨੀ ਰੱਖਣ ਅਤੇ ਅਨੁਕੂਲਤਾ ਅਤੇ ਵਿਹਾਰ ਅਮਲ ਨੂੰ ਲਾਗੂ ਕਰਨ ਉੱਤੇ 51.9 ਮਿਲੀਅਨ ਡਾਲਰ ਖਰਚੇ ਜਾਣਗੇ। ਇੰਮੀਗਰੇਸ਼ਨ, ਰਿਫਿਊਜੀ ਅਤੇ ਸਿਟੀਜ਼ਨਸ਼ਿੱਪ ਕੈਨੇਡਾ (IRCC) ਮਹਿਕਮੇ ਦੇ ਕਾਲ ਸੈਂਟਰਾਂ ਦੀ ਸਮਰੱਥਾ ਵਿੱਚ ਵਾਧਾ ਕਰਨ ਲਈ 42.9 ਮਿਲੀਅਨ ਡਾਲਰ ਦਾ ਨਿਵੇਸ਼ ਕਰਕੇ ਸਾਡੀ ਸਰਕਾਰ ਸੈਲਾਨੀਆਂ ਅਤੇ ਨਵੇਂ ਕੈਨੇਡੀਅਨਾਂ ਦੀ ਪੁੱਛਤਾਛ ਦੇ ਜਲਦੀ ਜਵਾਬ ਦੇਣ ਲਈ ਕੰਮ ਕਰ ਰਹੀ ਹੈ। ਡਾਕਟਰ ਵੱਲੋਂ ਲਿਖੀ ਦਵਾਈ ਨੂੰ ਕੈਨੇਡੀਅਨਾਂ ਦੀ ਵਧੇਰੇ ਪਹੁੰਚ ਵਿੱਚ ਕਰਨ ਲਈ ਸਾਡੀ ਸਰਕਾਰ ਕੈਨੇਡੀਅਨ ਡਰੱਗ ਏਜੰਸੀ (CDA) ਕਾਇਮ ਕਰ ਰਹੀ ਹੈ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਇਮਾਰਤ ਵਿੱਚ ਅੱਗ ਲੱਗਣ ਮਗਰੋਂ ਤਿੰਨ ਵਿਅਕਤੀਆਂ ਨੂੰ ਹਸਪਤਾਲ ਵਿੱਚ ਕਰਵਾਇਆ ਗਿਆ ਦਾਖਲ

ਮਿਸੀਸਾਗਾ, 20 ਮਾਰਚ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਇੱਕ ਇਮਾਰਤ ਵਿੱਚ ਅੱਗ ਲੱਗਣ ਤੋਂ ਬਾਅਦ ਧੂੰਆਂ ਚੜ੍ਹ ਜਾਣ ਕਾਰਨ ਇੱਕ ਪੁਰਸ, ਮਹਿਲਾ ਤੇ ਬੱਚੇ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ।

ਇਹ ਅੱਗ ਲੇਕਸੋਰ ਬੋਲੀਵੀਆਰਡ ਤੇ ਹਾਈ ਸਟਰੀਟ ਦਰਮਿਆਨ ਮਿਸੀਸਾਗਾ ਰੋਡ ਉੱਤੇ ਸਥਿਤ ਬਿਲਡਿੰਗ ਉੱਤੇ ਸਵੇਰੇ 4:00 ਵਜੇ ਲੱਗੀ। ਮਿਸੀਸਾਗਾ ਫਾਇਰ ਪਲਾਟੂਨ



ਚੀਫ ਲੁਇਗੀ ਡੈਵੋਲੀ ਨੇ ਬੁੱਧਵਾਰ ਸਵੇਰੇ ਇੱਕ ਇੰਟਰਵਿਊ ਵਿੱਚ ਦੱਸਿਆ ਕਿ ਜਦੋਂ ਅਮਲਾ ਮੌਕੇ ਉੱਤੇ ਪਹੁੰਚਿਆ ਤਾਂ ਉਨ੍ਹਾਂ ਦੇਖਿਆ ਕਿ ਇੱਕ ਮਹਿਲਾ ਇੱਕੇ ਕੇਕ ਸਾਪ ਦੇ ਉੱਤੇ ਵਾਲੀ ਖਿੜਕੀ ਉੱਤੇ ਲਮਕ ਰਹੀ ਸੀ।

ਇਸ ਮਹਿਲਾ ਨੂੰ ਫਾਇਰਫਾਈਟਰਜ ਵੱਲੋਂ ਬਚਾਅ ਲਿਆ ਗਿਆ ਤੇ ਇੱਕ ਬੱਚਾ ਤੇ ਪੁਰਸ ਬਿਨਾਂ ਕਿਸੇ ਦੀ ਮਦਦ ਦੇ ਇਮਾਰਤ ਵਿੱਚੋਂ ਬਾਹਰ ਆਉਣ ਵਿੱਚ ਸਫਲ ਰਹੇ। ਪੁਰਸ, ਮਹਿਲਾ ਤੇ ਤਿੰਨ ਸਾਲਾ ਬੱਚੇ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ।

ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਫਾਇਰ ਇਨਵੈਸਟੀਗੇਟਰ ਮੌਕੇ ਉੱਤੇ ਸੀ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਜੀ ਕੇ ਵਿਰੁੱਧ ਹੇਰਾ ਫੇਰੀ ਦਾ ਮਾਮਲਾ : ਦਿੱਲੀ ਪੁਲਸ ਨੇ ਅਦਾਲਤ ਵਿੱਚ ਮਾਮਲਾ ਬੰਦ ਕਰਨ ਲਈ ਰਿਪੋਰਟ ਪੇਸ਼ ਕੀਤੀ

ਨਵੀਂ ਦਿੱਲੀ, 20 ਮਾਰਚ (ਪੋਸਟ ਬਿਊਰੋ)- ਕਾਫੀ ਲੰਮੇ ਸਮੇਂ ਤੋਂ ਇੱਕ ਲੱਖ ਕੈਨੇਡੀਅਨ ਡਾਲਰ ਤੇ ਹੇਰਾ ਫੇਰੀ ਦੇ ਹੋਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਦੇ ਕੇਸ ਵਿੱਚ ਕੱਲ੍ਹ ਦਿੱਲੀ ਪੁਲਸ ਨੇ ਅਦਾਲਤ ਨੂੰ ਇਹ ਮਾਮਲਾ ਬੰਦ ਕਰਨ ਲਈ ਰਿਪੋਰਟ ਪੇਸ਼ ਕੀਤੀ ਹੈ। ਫਿਰ ਵੀ ਹਾਲ ਦੀ ਘੜੀ ਮਨਜੀਤ ਸਿੰਘ ਜੀ ਕੇ ਨੂੰ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ, ਅਦਾਲਤੀ ਫੈਸਲਾ ਆਉਣ ਪਿੱਛੋਂ ਸਭ ਕੁਝ ਸਪੱਸ਼ਟ ਹੋਵੇਗਾ। ਅਗਲੀ ਸੁਣਵਾਈ 30 ਮਾਰਚ ਨੂੰ ਹੋਵੇਗੀ।

ਕੱਲ੍ਹ ਪਟਿਆਲਾ ਹਾਊਸ ਕੋਰਟ ਕੰਪਲੈਕਸ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਨਜੀਤ ਸਿੰਘ ਜੀ ਕੇ ਦੇ ਵਕੀਲ ਮਨਿੰਦਰ ਸਿੰਘ ਨੇ ਦੱਸਿਆ ਕਿ ਦਿੱਲੀ ਪੁਲਸ ਨੇ ਕੱਲ੍ਹ ਮਨਜੀਤ ਸਿੰਘ ਜੀ ਕੇ ਵਿਰੁੱਧ ਅਦਾਲਤੀ ਕੇਸ ਰੱਦ ਕਰ ਕੇ ਬੰਦ ਕਰਨ ਦੀ ਰਿਪੋਰਟ ਦਿੱਤੀ ਹੈ। ਮਨਜੀਤ ਸਿੰਘ ਜੀ ਕੇ ਸ਼ੁਰੂ ਤੋਂ ਕਹਿ ਰਹੇ ਸਨ ਕਿ ਸਾਜ਼ਿਸ਼ ਅਧੀਨ ਉਨ੍ਹਾਂ ਨੂੰ ਫਸਾਇਆ ਜਾ ਰਿਹਾ ਹੈ। ਇਸ ਦੌਰਾਨ ਪਟੀਸ਼ਨਰ ਗੁਰਮੀਤ ਸਿੰਘ ਸ਼ੰਟੀ ਨੇ ਕਿਹਾ ਕਿ ਪੁਲਸ ਨੇ ਆਪਣੇ ਰਿਪੋਰਟ ਜ਼ਰੂਰ ਦਿੱਤੀ ਹੈ, ਪਰ ਅਜੇ ਮਨਜੀਤ ਸਿੰਘ ਜੀ ਕੇ ਨੂੰ ਕੋਈ ਕਲੀਨ ਚਿੱਟ ਨਹੀਂ ਮਿਲੀ। ਰਿਪੋਰਟ 'ਤੇ ਅਦਾਲਤ 30 ਮਾਰਚ ਨੂੰ ਸੁਣਵਾਈ ਕਰੇਗੀ, ਪਰ ਇਸ ਤੋਂ ਪਹਿਲਾਂ ਹੀ ਮਨਜੀਤ ਸਿੰਘ ਜੀ ਕੇ ਵੱਲੋਂ ਸੰਗਤ ਨੂੰ ਗੁੰਮਰਾਹ ਕਰਨ ਲਈ ਝੂਠਾ ਅਤੇ ਗੁੰਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ, ਟਰਾਇਲ ਤਾਂ ਅਜੇ ਪੂਰੀ ਤਰ੍ਹਾਂ ਸ਼ੁਰੂ ਹੀ ਨਹੀਂ ਹੋਇਆ। ਸ਼ੰਟੀ ਨੇ ਕਿਹਾ, ਅਸੀਂ ਜੱਜ ਸਾਹਿਬ ਕੋਲ ਅਰਜ਼ੀ ਲਾਈ ਹੈ ਕਿ ਇਸ ਕੇਸ ਦਾ ਜਾਂਚ ਅਫਸਰ ਨਿਰਪੱਖ ਕੰਮ ਨਹੀਂ ਕਰ ਰਿਹਾ। ਉਨ੍ਹਾਂ ਇਸ ਕੇਸ ਵਿੱਚ ਮਨਜੀਤ ਸਿੰਘ ਜੀ ਕੇ ਵਿਰੁੱਧ ਦਿੱਲੀ ਕਮੇਟੀ ਦੇ ਕਈ ਮੁਲਾਜ਼ਮਾਂ ਦੇ ਬਿਆਨ ਦਰਜ ਹੋਣ ਬਾਰੇ ਵੀ ਦੱਸਿਆ। ਸ਼ੰਟੀ ਨੇ ਆਪਣੀ ਸ਼ਿਕਾਇਤ ਵਿੱਚ ਮਨਜੀਤ ਸਿੰਘ ਜੀ ਕੇ ਉੱਤੇ ਵਿਦੇਸ਼ੀ ਚੜ੍ਹਾਵੇ ਦੇ ਇੱਕ ਲੱਖ ਕੈਨੇਡੀਅਨ ਡਾਲਰ ਦੀ ਹੇਰਾ ਫੇਰੀ, ਹੋਰਨਾਂ ਦੋਸ਼ਾਂ ਵਿੱਚ ਫਰਜ਼ੀ ਬਿੱਲਾਂ ਨਾਲ ਬਿਨਾਂ ਛਪਵਾਈ ਅੱਸੀ ਹਜ਼ਾਰ ਕਿਤਾਬਾਂ ਦੀ 38 ਲੱਖ ਰੁਪਏ ਦੇ ਭੁਗਤਾਨ ਅਤੇ ਮਨਜੀਤ ਸਿੰਘ ਜੀ ਕੇ ਦੀ ਧੀ ਦੀ ਬੰਦ ਹੋ ਚੁੱਕੀ ਫਰਮ ਤੋਂ ਕਮੇਟੀ ਵੱਲੋਂ ਲੱਖਾਂ ਦੀਆਂ ਚੀਜ਼ਾਂ ਖਰੀਦ ਕੇ ਗੁਰਦੁਆਰਾ ਗੋਲਕ ਦੀ ਦੁਰਵਰਤੋਂ ਸਣੇ ਦਿੱਲੀ ਸਿੱਖ ਗੁਰਦ-ਆਰਾ ਐਕਟ ਦੀ ਉਲੰਘਣਾ ਕਰਨ ਦੇ ਗੰਭੀਰ ਦੋਸ਼ ਲਾਏ ਸਨ।

ਮਾਰਕੀਟਿੰਗ ਪਰਸਨ ਦੀ ਤੁਰੰਤ ਲੋੜ
ਪੰਜਾਬੀ ਪੋਸਟ ਅਦਾਰੇ ਨੂੰ ਮਾਰਕੀਟਿੰਗ ਪਰਸਨ ਦੀ ਤੁਰੰਤ ਲੋੜ ਹੈ। ਆਪਣੀ ਕਾਰ ਹੋਣਾ ਲਾਜ਼ਮੀ। ਸ਼ੁਰੂਆਤੀ ਸੈਲਰੀ 50 ਹਜ਼ਾਰ ਡਾਲਰ ਸਾਲਾਨਾ।
ਸੰਪਰਕ:416-970-5005

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Air Brake Classes
Sat-Sun 8am to 4pm
Forklift Training
Reach Truck
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
LAW
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

ਬੇਅਦਬੀ ਤੇ ਗੋਲ਼ੀ ਕਾਂਡ:

# ਡੇਰਾ ਸੱਚਾ ਸੌਦਾ ਦੇ ਮੁਖੀ ਤੋਂ ਪੁੱਛਗਿੱਛ ਤੱਕ ਗੱਲ ਜਾ ਪਹੁੰਚੀ

ਫ਼ਰੀਦਕੋਟ, 20 ਮਾਰਚ, (ਪੋਸਟ ਬਿਊਰੋ)- ਅਕਤੂਬਰ 2015 ਵਿੱਚ ਬਰਗਾੜੀ ਵਿੱਚ ਵਾਪਰੇ ਬੇਅਦਬੀ ਕਾਂਡਅਤੇ ਉਸ ਦੇ ਬਾਅਦ ਕੋਟਕਪੂਰਾ ਤੇ ਬਹਿਬਲ ਕਲਾਂ ਵਿੱਚ ਰੋਸ ਕਰਦੀ ਸਿੱਖ ਸੰਗਤ ਉੱਤੇ ਗੋਲ਼ੀ ਚਲਾਉਣ ਦੇ ਦੋਸ਼ ਵਿੱਚ ਸਥਾਨਕ ਅਦਾਲਤ ਨੇ ਸਿਰਸਾ ਦੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਤੋਂ ਪੁੱਛਗਿੱਛ ਕਰਨ ਲਈ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੂੰ ਇਜਾਜ਼ਤ ਦੇ ਦਿੱਤੀ ਹੈ।



ਮਿਲੀ ਜਾਣਕਾਰੀ ਅਨੁਸਾਰ ਜੱਜ ਏਕਤਾ ਉੱਪਲ ਦੀ ਅਦਾਲਤ ਤੋਂ ਬੁੱਧਵਾਰ ਨੂੰ ਆਗਿਆ ਮਿਲ ਜਾਣ ਪਿੱਛੋਂ ਐੱਸ ਆਈ ਟੀ ਇਕ ਉੱਚ ਪੱਧਰੀ ਟੀਮ ਹਰਿਆਣਾ ਦੇ ਰੋਹਤਕ ਵਿੱਚ ਸੁਨਾਰੀਆ ਜੇਲ੍ਹ ਜਾਵੇਗੀ, ਜਿੱਥੇ ਬਲਾਤਕਾਰ ਤੇ ਕਤਲ ਦੇ ਕੇਸ ਵਿੱਚ ਜੇਲ੍ਹ ਕੱਟ ਰਹੇ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਤੋਂ ਪੁੱਛਗਿੱਛ ਕੀਤੀ ਜਾਵੇਗੀ। ਐੱਸ ਆਈ ਟੀ ਨੇ ਇਸ ਗੋਲ਼ੀ ਕਾਂਡ ਨਾਲ ਜੁੜੀਆਂ ਘਟਨਾਵਾਂ ਦੀ ਜਾਂਚ ਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿੱਚ ਪਤਾ ਲੱਗੇ ਤੱਥਾਂ ਦੇ ਆਧਾਰ ਉੱਤੇ ਰਾਮ ਰਹੀਮ ਤੋਂ ਪੁੱਛਗਿੱਛ ਕਰਨ ਦਾ ਫ਼ੈਸਲਾ ਕੀਤਾ ਸੀ। ਇਸ ਲਈ ਐੱਸ ਆਈ ਟੀ ਨੇ ਫ਼ਰੀਦਕੋਟ ਦੀ ਅਦਾਲਤ ਵਿੱਚ ਅਰਜ਼ੀ ਦਾਇਰ ਕਰਕੇ ਇਜਾਜ਼ਤ ਮੰਗੀ ਸੀ।

ਐੱਸ ਆਈ ਟੀ ਮੁਤਾਬਕ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲ਼ੀ ਕਾਂਡ ਦੇ ਕੇਸਾਂ ਦੀ ਜਾਂਚ ਦੌਰਾਨ ਉਨ੍ਹਾਂ ਕੋਲ ਕਈ ਗਵਾਹਾਂ ਨੇ ਬਰਗਾੜੀ ਬੇਅਦਬੀ ਕਾਂਡ ਅਤੇ ਦੋਵੇਂ ਗੋਲ਼ੀ ਕਾਂਡਾਂ ਦੇ ਨਾਲ ਜੁੜੀਆਂ ਘਟਨਾਵਾਂ ਵਿੱਚ ਡੇਰਾ ਸੱਚਾ ਸੌਦਾ ਮੁਖੀ ਦਾ ਨਾਂ ਲਿਆ ਹੈ। ਬਰਗਾੜੀ ਬੇਅਦਬੀ ਕੇਸ ਵਿੱਚ ਡੇਰੇ ਨਾਲ ਜੁੜੇ ਕਈ ਪ੍ਰੇਮੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਇਸੇ ਤਰ੍ਹਾਂ ਗੋਲ਼ੀ ਕਾਂਡ ਦੀਆਂ ਘਟਨਾਵਾਂ ਵਿੱਚ ਵੀ ਡੇਰਾ ਸਿਰਸਾ ਦੀ ਭੂਮਿਕਾ ਸ਼ੱਕੀ ਮੰਨੀ ਜਾ ਰਹੀ ਹੈ। ਐੱਸ ਆਈ ਟੀ ਦੇ ਮੈਂਬਰ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਸ ਬਾਰੇ ਦੱਸਿਆ ਕਿ ਅਦਾਲਤ ਤੋਂ ਮਨਜ਼ੂਰੀ ਮਿਲ ਚੁੱਕੀ ਹੈ ਅਤੇ ਇਸ ਦੇ ਬਾਅਦ ਐੱਸ ਆਈ ਟੀ ਦੀ ਇੱਕ ਟੀਮ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਜਾ ਕੇ ਰਾਮ ਰਹੀਮ ਸਿੰਘ ਤੋਂ ਪੁੱਛਗਿੱਛ ਕਰੇਗੀ।

# ਭਾਰਤ ਦਾ ਭਗੌੜਾ ਘੁਟਾਲੇਬਾਜ਼ ਨੀਰਵ ਮੋਦੀ ਲੰਡਨ ਵਿੱਚ ਫੜਿਆ ਗਿਆ

ਲੰਡਨ, 20 ਮਾਰਚ, (ਪੋਸਟ ਬਿਊਰੋ)- ਭਾਰਤ ਤੋਂ ਭਗੌੜੇ ਹੋਏ ਤੇ ਬ੍ਰਿਟੇਨ ਵਿਚ ਬੇਖ਼ੌਫ ਘੁੰਮਦੇ ਹੀਰਾ ਕਾਰੋਬਾਰੀ ਨੀਰਵ ਮੋਦੀ ਨੂੰ ਅੱਜ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਪਰ ਉਸ ਦੀ ਜ਼ਮਾਨਤ ਨਹੀਂ ਹੋ ਸਕੀ। ਇਸ ਬਾਰੇ ਈਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਦੀ ਹਵਾਲਗੀ ਅਪੀਲ ਉੱਤੇ ਲੰਡਨ ਦੀ ਇਕ ਅਦਾਲਤ ਨੇ ਨੀਰਵ ਮੋਦੀ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਸੀ। ਕੂਟਨੀਤਕ ਪੱਖੋਂ ਇਹ ਭਾਰਤ ਦੀ ਵੱਡੀ ਜਿੱਤ ਹੈ।

ਇਸ ਦੌਰਾਨ ਦਿੱਲੀ ਵਿੱਚ ਦੱਸਿਆ ਗਿਆ ਹੈ ਕਿ ਈਡੀ ਨੂੰ ਇਹ ਦੀ ਆਗਿਆ ਮਿਲ ਗਈ ਹੈ ਕਿ ਉਹ ਨੀਰਵ ਮੋਦੀ ਦੀ ਜਾਇਦਾਦ ਵੇਚ ਕੇ ਉਸ ਦੇ ਟਿਕਾਣਿਆਂ ਤੋਂ ਜ਼ਬਤ ਕੀਤੇ ਹੀਰੇ, ਪੇਂਟਿੰਗਜ਼, ਕਾਰਾਂ ਤੋਂ ਮਿਲੀ ਰਕਮ ਨੂੰ ਬੈਂਕਾਂ ਨੂੰ ਵਾਪਸ ਕਰ ਸਕਦੀ ਹੈ। ਵਰਨਣ ਯੋਗ ਹੈ ਕਿ ਭਾਰਤੀ ਬੈਂਕਾਂ ਦੇ 13 ਹਜ਼ਾਰ ਕਰੋੜ ਰੁਪਏ ਲੈ ਕੇ ਫਰਾਰ ਹੋਇਆ ਨੀਰਵ ਮੋਦੀ ਪਿਛਲੇ ਦਿਨੀਂ ਲੰਡਨ ਦੀਆਂ ਸੜਕਾਂ ਉੱਤੇ ਹੁਲੀਆ ਬਦਲ ਕੇ ਘੁੰਮਦਾ ਨਜ਼ਰ ਆਇਆ ਸੀ।



ਉਸ ਦੇ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ ਹੋ ਚੁੱਕਾ ਸੀ। ਬ੍ਰਿਟੇਨ ਦੀ ਵੈਸਟਮਿੰਸਟਰ ਕੋਰਟ ਨੇ ਇਸ ਕੇਸ ਨੂੰ ਗੰਭੀਰਤਾ ਨਾਲ ਲਿਆ ਸੀ ਅਤੇ ਨੀਰਵ ਮੋਦੀ ਦੇ ਖ਼ਿਲਾਫ਼ 13 ਮਾਰਚ ਨੂੰ ਗ੍ਰਿਫ਼ਤਾਰੀ ਵਰੰਟ ਜਾਰੀ ਕੀਤਾ ਸੀ। ਇਹ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਣ ਪਿੱਛੋਂ ਕਿਹਾ ਜਾ ਰਿਹਾ ਸੀ ਕਿ ਲੰਡਨ ਪੁਲਿਸ ਨੀਰਵ ਮੋਦੀ ਨੂੰ ਕਦੇ ਵੀ ਗ੍ਰਿਫ਼ਤਾਰ ਕਰ ਸਕਦੀ ਹੈ।

ਅੱਜ ਨੀਰਵ ਮੋਦੀ ਨੂੰ ਗ੍ਰਿਫਤਾਰੀ ਦੇ ਬਾਅਦ ਅਦਾਲਤ ਤੋਂ ਆਰਜ਼ੀ ਜ਼ਮਾਨਤ ਨਹੀਂ ਮਿਲ ਸਕੀ ਅਤੇ 29 ਮਾਰਚ ਉਹ ਤੱਕ ਜੇਲ੍ਹ ਵਿੱਚ ਰਹੇਗਾ। ਫਿਰ ਵੀ ਉਸ ਦੀ ਭਾਰਤ ਨੂੰ ਹਵਾਲਗੀ ਨੂੰਕੁਝ ਲੰਬਾ ਸਮਾਂ ਲੱਗ ਸਕਦਾ ਹੈ ਕਿਉਂਕਿ ਅਜੇ ਵੀ ਉਸ ਕੋਲ ਅਦਾਲਤੀ ਕਾਰਵਾਈ ਦਾ ਰਸਤਾ ਹੈ ਤੇ ਇਸ ਨਾਲ ਮਾਮਲਾ ਲਟਕ ਸਕਦਾ ਹੈ। ਭਾਰਤ ਤੋਂ ਭਗੌੜੇ ਹੋਏ ਇੱਕ ਹੋਰ ਕਾਰੋਬਾਰੀ ਵਿਜੈ ਮਾਲਿਆ ਦੇ ਕੇਸ ਵਿੱਚ ਚੱਲਦੀ ਪ੍ਰਕਿਰਿਆ ਨੀਰਵ ਮੋਦੀ ਦੇ ਕੇਸ ਵਿੱਚ ਵੀ ਚੱਲੇਗੀ। ਭਾਰਤ ਵਿੱਚੋਂ 9000 ਕਰੋੜ ਰੁਪਏ ਲੈ ਕੇ ਫਰਾਰ ਹੋਏ ਵਿਜੇ ਮਾਲਿਆ ਦੀ ਹਵਾਲਗੀ ਦਾ ਕੇਸ ਵੀ ਆਖਰੀ ਪੜਾਅ ਵਿੱਚ ਸੁਣੀਂਦਾ ਹੈ।

# ਸ਼ਰਾਬ ਠੇਕਿਆਂ ਉੱਤੇ ਸਾਬਕਾ ਅਕਾਲੀ ਵਿਧਾਇਕ ਦੀਪ ਮਲਹੋਤਰਾ ਦਾ ਫਿਰ ਕਬਜ਼ਾ

ਬਠਿੰਡਾ, 20 ਮਾਰਚ, (ਪੋਸਟ ਬਿਊਰੋ)- ਸ਼ਰਾਬ ਠੇਕੇਦਾਰੀ ਦੇ ਕੰਮ ਵਿੱਚ ਛੋਟੇ ਕਾਰੋਬਾਰੀਆਂ ਨੂੰ ਸ਼ਾਮਲ ਕਰਨ ਦੇ ਲਈ ਪੰਜਾਬ ਸਰਕਾਰ ਦੀ ਯੋਜਨਾ ਨੂੰ ਇਕ ਵਾਰ ਫ਼ਿਰ ਅਕਾਲੀ ਦਲ ਦਾ ਸਾਬਕਾ ਵਿਧਾਇਕ ਦੀਪ ਮਲਹੋਤਰਾ ਠਿੱਬੀ ਲਾ ਗਿਆ ਹੈ। ਇਸ ਜ਼ਿਲ੍ਹੇ ਵਿੱਚ ਅੱਜ ਸ਼ਰਾਬ ਠੇਕਿਆਂ ਦੀ ਨਿਲਾਮੀ ਵਿੱਚਸਾਬਕਾ ਵਿਧਾਇਕ ਦੀਪ ਮਲਹੋਤਰਾ ਨੇ ਵੱਖ ਵੱਖ ਫਰਮਾਂ ਦੇ ਨਾਮ ਉੱਤੇ 31 ਵਿੱਚੋਂ 26 ਜ਼ੋਨਾਂ ਉੱਤੇ ਕਬਜ਼ਾ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਸ਼ਰਾਬ ਦੇ ਠੇਕੇ ਹਾਸਲ ਕਰਨ ਲਈ ਸਾਬਕਾ ਵਿਧਾਇਕ ਦੀਪ ਮਲਹੋਤਰਾ ਨੇ ਵੱਖ-ਵੱਖ ਫ਼ਰਮਾਂ ਦੇ ਨਾਂ ਉੱਤੇ 3000 ਅਰਜ਼ੀਆਂ ਦਿੱਤੀਆਂ ਸਨ। ਵਿਭਾਗ ਕੋਲ ਸ਼ਰਾਬਠੇਕੇ ਲੈਣ ਲਈ ਕੁੱਲ 3474 ਅਰਜ਼ੀਆਂਪੁੱਜੀਆਂ ਸਨ। ਇਸ ਵਾਰ ਦੋ ਨਵੀਆਂ ਫ਼ਰਮਾਂ ਵੀ ਸ਼ਰਾਬ ਦੇ ਠੇਕੇ ਆਪਣੇ ਨਾਂ ਅਲਾਟ ਕਰਉਣ ਵਿੱਚ ਸਫ਼ਲ ਰਹੀਆਂ ਹਨ। ਬਠਿੰਡਾ ਕੈਨਾਲ ਜ਼ੋਨ ਦੇ 11, ਰੇਲਵੇ ਸਟੇਸ਼ਨ ਜ਼ੋਨ ਦੇ 4 ਅਤੇ ਅਨਾਜ ਮੰਡੀ ਜ਼ੋਨ ਦੇ 10 ਠੇਕੇ ਜਸਵਿੰਦਰ ਸਿੰਘ ਗਰੁੱਪ ਨੂੰ ਅਲਾਟ ਹੋ ਗਏ ਹਨ, ਜੋ ਨਵਾਂ ਹੈ। ਇਸੇ ਤਰ੍ਹਾਂ ਪੁਰਾਣਾ ਬੱਸ ਅੱਡਾ ਜ਼ੋਨ ਦੇ 6 ਠੇਕੇ ਵੀ ਨਵੀਂ ਫ਼ਰਮ ਚਮਨ ਲਾਲ ਅਤੇ ਐੱਨ ਐੱਫਐੱਲ ਜ਼ੋਨ ਦੇ 9 ਠੇਕੇ ਜਰਨੈਲ ਸਿੰਘ ਦੇ ਨਾਂ ਉੱਤੇ ਚੱਢਾ ਗਰੁੱਪ ਨੂੰ ਅਲਾਟ ਹੋਏ ਹਨ ਤੇ ਬਾਕੀ ਦੇ ਸਾਰੇ 420 ਠੇਕੇ ਦੀਪ ਮਲਹੋਤਰਾ ਗਰੁੱਪ ਦੇ ਹਿੱਸੇ ਆ ਗਏ ਹਨ।

ਵਰਨਣ ਯੋਗ ਹੈ ਕਿ ਇਸ ਜ਼ਿਲ੍ਹੇ ਵਿੱਚ ਪਿਛਲੇ ਸਾਲ ਸ਼ਰਾਬ ਦੇ ਠੇਕਿਆਂ ਦੀ ਗਿਣਤੀ 452 ਸੀ ਅਤੇ ਇਨ੍ਹਾਂ ਵਿੱਚ 345 ਦੇਸ਼ੀ ਸ਼ਰਾਬ ਤੇ 107 ਅੰਗਰੇਜ਼ੀ ਸ਼ਰਾਬ ਦੇ ਠੇਕੇ ਸਨ। ਇਸ ਵਾਰੀ ਸ਼ਰਾਬ ਦੇ



ਠੇਕਿਆਂ ਦੀ ਗਿਣਤੀ ਵਧਾ ਕੇ 460 ਕਰ ਦਿੱਤੀ ਗਈ ਹੈ, ਜਿਸ ਵਿੱਚ 351 ਦੇਸੀ ਅਤੇ 109 ਅੰਗਰੇਜ਼ੀ ਸ਼ਰਾਬ ਦੇ ਠੇਕੇ ਹਨ। ਬਠਿੰਡਾ ਸ਼ਹਿਰ ਵਿਚਲੇ 120 ਸ਼ਰਾਬ ਦੇ ਠੇਕਿਆਂ ਵਿੱਚੋਂ 40 ਠੇਕੇ ਨਵੀਆਂ ਫ਼ਰਮਾਂ ਨੂੰ ਅਲਾਟ ਹੋਏ ਹਨ ਅਤੇ ਬਾਕੀ 80 ਠੇਕੇ ਮਲਹੋਤਰਾ ਗਰੁੱਪ ਦੇ ਨਾਂ ਉੱਤੇ ਅਲਾਟ ਹੋਏ ਹਨ। ਸ਼ਹਿਰ ਵਿੱਚ 120 ਵਿੱਚੋਂ 67 ਦੇਸੀ ਤੇ 53 ਅੰਗਰੇਜ਼ੀ ਸ਼ਰਾਬ ਦੇ ਠੇਕੇ ਹਨ, ਜਿਸ ਵਿੱਚੋਂ ਹੋਰਨਾਂ ਗਰੁੱਪਾਂ ਨੂੰ 22 ਦੇਸੀ ਤੇ 18 ਅੰਗਰੇਜ਼ੀ ਸ਼ਰਾਬ ਦੇ ਠੇਕੇ ਅਲਾਟ ਹੋਏ ਹਨ। ਇਸ ਤਰ੍ਹਾਂ ਇਹ ਪਾਰਟੀਆਂ ਸ਼ਹਿਰਤੋਂ ਦੀਪ ਮਲਹੋਤਰਾ ਗਰੁੱਪ ਦੀ ਮਨਾਪਲੀ ਤੋੜਨ ਵਿੱਚ ਸਫ਼ਲ ਰਹੀਆਂ, ਪਰ ਜ਼ਿਲ੍ਹੇ ਦੇ ਬਾਕੀ ਥਾਵਾਂ ਉੱਤੇ ਮਲਹੋਤਰਾ ਗਰੁੱਪ ਫਿਰ ਕਾਬਜ਼ ਰਿਹਾ। ਮਲਹੋਤਰਾ ਗਰੁੱਪ ਨੇ ਡਿੰਪੀ ਮਲਹੋਤਰਾ, ਵਿਜੇਤਾ ਬੈਵਰਜ ਪ੍ਰਾਈਵੇਟ ਲਿਮਟਿਡ, ਗੌਰਵ ਵਾਈਨ, ਗੌਤਮ ਵਾਈਨ, ਹਰੀਸ਼ ਕੁਮਾਰ ਤੇ ਸਤੀਸ਼ ਕੁਮਾਰ ਦੇ ਨਾਂ ਉੱਤੇ ਠੇਕੇ ਲਏ ਹਨ। ਪਿਛਲੇ ਸਾਲ ਮਲਹੋਤਰਾ ਗਰੁੱਪ ਕੋਲ ਸਿਰਫ਼ ਬੀਬੀਵਾਲਾ ਰੋਡ ਜ਼ੋਨ ਦੇ ਦੋ ਠੇਕੇ ਨਹੀਂ ਸਨ, ਬਾਕੀ ਠੇਕਿਆਂ ਉੱਤੇ ਇਹੋ ਗਰੁਪ ਕਾਬਜ਼ਸੀ। ਇਸ ਜ਼ਿਲ੍ਹੇ ਵਿੱਚ ਸ਼ਰਾਬ ਦੇ ਠੇਕੇ ਲਈ 4136 ਅਰਜ਼ੀਆਂ ਆਈਆਂ ਤਾਂ ਵਿਭਾਗ ਨੂੰ 12 ਕਰੋੜ 48 ਲੱਖ ਰੁਪਏ 90 ਹਜ਼ਾਰ ਆਮਦਨ ਹੋਈ ਹੈ।

# ਕੋਟਕਪੂਰਾ ਗੋਲੀ ਕਾਂਡ : ਸਾਬਕਾ ਅਕਾਲੀ ਵਿਧਾਇਕ ਮਨਤਾਰ ਬਰਾੜ ਦੀ ਅਗੇਤੀ ਜ਼ਮਾਨਤ ਦੀ ਅਰਜ਼ੀ ਰੱਦ

ਫਰੀਦਕੋਟ, 20 ਮਾਰਚ, (ਪੋਸਟ ਬਿਊਰੋ)- ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਵਿਚ ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਨੂੰ ਅਦਾਲਤ ਵਿੱਚ ਵੱਡਾ ਝਟਕਾ ਲੱਗਾ ਹੈ। ਉਸ ਨੂੰ ਕੋਈ ਰਾਹਤ ਨਾ ਦਿੰਦੇ ਹੋਏ ਅਦਾਲਤ ਨੇ ਉਸ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ।



ਵਰਨਣ ਯੋਗ ਹੈ ਕਿ ਕੱਲ੍ਹ ਮਨਤਾਰ ਸਿੰਘ ਬਰਾੜ ਦੀ ਅਗੇਤੀ ਜ਼ਮਾਨਤ ਦੀ ਅਰਜ਼ੀ ਉੱਤੇ ਕਰੀਬ ਦੋ ਘੰਟੇ ਬਹਿਸ ਹੋਈ ਸੀ। ਅਦਾਲਤ ਨੇ ਇਸ ਪਿੱਛੋਂ ਅੱਜ ਤਕ ਫੈਸਲਾ ਰਾਖਵਾਂ ਰੱਖਿਆ ਸੀ। ਅੱਜ ਜ਼ਿਲ੍ਹਾ ਅਤੇ ਸੈਸ਼ਨ ਜੱਜ ਹਰਪਾਲ ਸਿੰਘ ਦੀ ਅਦਾਲਤ ਨੇ ਵਿਸ਼ੇਸ਼ ਜਾਂਚ ਟੀਮ ਦੇ ਵਕੀਲ ਦੀਆਂ ਦਲੀਲਾਂ ਨਾਲ ਸਹਿਮਤ ਹੋ ਕੇ ਮਨਤਾਰ ਸਿੰਘ ਬਰਾੜ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ। ਪੰਜਾਬ ਪੁਲਸ ਦੇ ਵਕੀਲ ਨੇ ਅਦਾਲਤ ਵਿਚ ਮਨਤਾਰ ਸਿੰਘ ਬਰਾੜ ਦੇ ਵਕੀਲ ਦੀ ਬਹਿਸ ਦਾ ਜਵਾਬ ਦਿੰਦਿਆਂ ਕਿਹਾ ਸੀ ਕਿ ਜੇ ਉਹ ਸਿੱਖ ਸੰਗਤ ਦਾ ਸ਼ਾਂਤੀਮਈ ਧਰਨਾ ਚੁਕਾਉਣਾ ਚਾਹੁੰਦੇ ਸਨ ਤਾਂ ਉਹ ਕੋਟਕਪੂਰਾ ਚੌਕ ਵਿਚ ਖੁਦ ਜਾ ਕੇ ਸੰਗਤ ਨਾਲ ਗੱਲ ਕਰ ਸਕਦੇ ਸਨ। ਪੰਜਾਬ ਸਰਕਾਰ ਨੇ ਅਦਾਲਤ ਵਿਚ ਇਹ ਵੀ ਕਿਹਾ ਸੀ ਕਿ ਮਨਤਾਰ ਸਿੰਘ ਬਰਾੜ ਨੂੰ ਜਾਂਚ ਟੀਮ ਨੇ 9 ਨਵੰਬਰ ਅਤੇ 27 ਫਰਵਰੀ ਨੂੰ ਪੁੱਛਗਿੱਛ ਲਈ ਸੱਦਿਆ ਸੀ, ਪਰ ਉਨ੍ਹਾਂ ਕੋਈ ਸਹਿਯੋਗ ਨਹੀਂ ਸੀ ਕੀਤਾ, ਇਸ ਲਈ ਮਨਤਾਰ ਸਿੰਘ ਬਰਾੜ ਨੂੰ ਹਿਰਾ-ਸਤ ਵਿੱਚ ਲੈਣਾ ਜ਼ਰੂਰੀ ਹੈ।

# 'ਮਹਾਨ ਕੋਸ਼' ਦੀਆਂ ਤਿੰਨੇ ਭਾਸ਼ਾਵਾਂ ਦੀਆਂ ਜਿਲਦਾਂ ਉੱਤੇ ਪੂਰੀ ਤੇ ਪੱਕੀ ਪਾਬੰਦੀ ਲਾਗੂ

ਪਟਿਆਲਾ, 20 ਮਾਰਚ, (ਪੋਸਟ ਬਿਊਰੋ)- ਸਿੱਖ ਸਾਹਿਤ ਦੇ ਵਿਸ਼ਵ ਕੋਸ਼ ਵਜੋਂ ਜਾਣੇ ਜਾਂਦੇ ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼; ਦੀਆਂ ਤਿੰਨ ਭਾਸ਼ਾਵਾਂ ਦੀਆਂ ਜਿਲਦਾਂ ਉੱਤੇ ਪੱਕੀ ਪਾਬੰਦੀ ਲਾ ਦਿੱਤੀ ਗਈ ਹੈ। ਇਸ ਕਰ ਕੇ ਇਸ 'ਮਹਾਨਕੋਸ਼' ਨੂੰ ਨਵੇਂ ਸਿਰੇ ਤੋਂ ਤਿਆਰ ਕਰਵਾ ਕੇ ਛਾਪਿਆ ਜਾਵੇਗਾ, ਜਿਸ ਲਈ ਵਿਸ਼ੇਸ ਕਮੇਟੀ ਬਣਾਈ ਜਾਵੇਗੀ।

ਇਹ ਸਾਰਾ ਫ਼ੈਸਲਾ ਪੰਜਾਬੀ ਯੂਨੀਵਰਸਿਟੀ ਵਿਚ 'ਮਹਾਨਕੋਸ਼' ਦੇ ਵਿਵਾਦ ਬਾਰੇ ਹੋਈ ਬੈਠਕਵਿੱਚ ਹੋਇਆ ਹੈ। ਪੰਜਾਬੀ ਯੂਨੀਰਵਸਿਟੀ ਨੇ ਕਰੀਬ ਢਾਈ ਕਰੋੜ ਰੁਪਏ ਲਾਗਤ ਨਾਲ 'ਮਹਾਨ ਕੋਸ਼' ਦੀਆਂ 20 ਹਜ਼ਾਰ ਕਾਪੀਆਂ ਛਾਪੀਆਂ ਸਨ ਅਤੇ ਯੂਨੀਵਰਸਿਟੀ ਵੱਲੋਂ ਸਭ ਤੋਂ ਵੱਧ ਮਹਿੰਗੇ ਛਾਪੇ ਮਹਾਨਕੋਸ਼ ਲਈ ਅਨੁਵਾਦਕਾਂ ਨੂੰ ਪ੍ਰਤੀ ਪੰਨਾ 1600 ਰੁਪਏ, ਪੁਨਰ ਗਠਨ ਲਈ 1200 ਰੁਪਏ ਪ੍ਰਤੀ ਪੰਨਾ ਅਤੇ 400 ਰੁਪਏ ਪਰੂਫ ਰੀਡਿੰਗ ਲਈ ਦਿੱਤਾ ਗਿਆ ਸੀ।

ਅੱਜ ਬੁੱਧਵਾਰ ਨੂੰ ਪੰਜਾਬੀ ਯੂਨੀਵਰਸਿਟੀ ਵਿਖੇ ਮਹਾਨ ਕੋਸ਼ ਦੇ ਫ਼ੈਸਲੇ ਬਾਰੇ ਵਿਸ਼ੇਸ ਬੈਠਕ ਸੱਦੀ ਗਈ ਤਾਂ ਇਸ ਵਿਚ ਡੀਨ ਪ੍ਰੋ. ਬੱਤਰਾ, ਮਨਜੀਤ ਸਿੰਘ, ਡਾ. ਜੋਗਾ ਸਿੰਘ, ਡਾ. ਸੁਖਮਿੰਦਰ ਕੌਰ ਬਾਠ, ਭਾਈ ਕਾਨ੍ਹ ਸਿੰਘ ਨਾਭਾ ਦੇ ਪੋਤੇ ਮੇਜਰ ਏ ਪੀ ਸਿੰਘ, ਡਾ. ਓ ਪੀ ਵਸ਼ਿਸ਼ਟ, ਅਮਰਜੀਤ ਸਿੰਘ ਧਵਨ ਅਤੇ ਪ੍ਰੋ. ਹਰਪਾਲ ਸਿੰਘ ਪੰਨੂੰ ਦੇ ਨਾਲ ਕਈ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਹੋਈਆਂ। ਇਸ ਮੌਕੇ ਇਹ ਗੱਲ ਜ਼ਾਹਰ ਹੋਈ ਕਿ ਮਹਾਨ ਕੋਸ਼ ਦੇ ਲਗਪਗ ਹਰ ਪੰਨੇ ਉੱਤੇ ਬੁਹਤ ਸਾਰੇ ਨੁਕਸ ਹਨ ਤੇ ਕਾਪੀਆਂ ਨੂੰ ਸੋਧਿਆ ਨਹੀਂ ਜਾ ਸਕਦਾ ਤੇ ਇਸ ਨੂੰ ਦੋਬਾਰਾ ਛਾਪਣਾ ਪਵੇਗਾ। ਇਸ ਸਥਿਤੀ ਕਾਰਨ ਯੂਨੀਵਰਸਿਟੀ ਨੇ ਖ਼ੁਦ ਆਪਣੀ ਛਾਪੇ ਹੋਏ ਮਹਾਨਕੋਸ਼ ਉੱਤੇ ਮੁਕੰਮਲ ਪਾਬੰਦੀ ਲਾ ਦਿਤੀ ਹੈ, ਜਿਹੜੀ ਪਿਛਲੇ ਸਮੇਂ ਵਿਚ ਵੱਖ-ਵੱਖ ਖੋਜ ਵਿਦ-ਵਾਨਾਂ ਵਲੋਂ ਵਰਤੀ ਜਾ ਚੁੱਕੀ ਹੈ। ਯੂਨੀਵਰਸਿਟੀ ਇਸ ਬਾਰੇ ਦੁਚਿੱਤੀ ਵਿਚ ਹੈ ਕਿ ਵੇਚੀਆਂ ਕਾਪੀਆਂ ਨੂੰ ਵਾਪਸ ਕਿਵੇਂ ਲਿਆ ਜਾਵੇ। ਇਸ ਦੇ ਨਾਲ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਤਿੰਨੇ ਭਾਸ਼ਾਵਾਂ ਵਿਚ ਹੀ ਮਹਾਨ ਕੋਸ਼ ਦੀ ਵਿਕਰੀ ਉੱਤੇ ਰੋਕ ਲਾ ਕੇ ਸਭ ਤੋਂ ਪਹਿਲਾਂ ਇਸ ਨੂੰ ਪੰਜਾਬੀ ਭਾਸ਼ਾ ਵਿਚ ਛਾਪਿਆ ਜਾਵੇਗਾ, ਜਿਸ ਲਈ ਮਾਹਰਾਂ ਦੀ ਇਕ ਵਿਸ਼ੇਸ਼ ਕਮੇਟੀ ਦਾ ਗਠਨ ਜਲਦ ਕੀਤਾ ਜਾਵੇਗਾ।

ਇਹ ਮਹਾਨ ਕੋਸ਼ ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਵਿਚ ਛਾਪਿਆ ਗਿਆ ਸੀ, ਜਿਸ ਨੂੰ 1960 ਵਿਚ ਪੰਜਾਬੀ ਭਾਸ਼ਾ ਵਿਭਾਗ ਨੇ ਪ੍ਰਕਾਸ਼ਿਤ ਕੀਤਾ ਸੀ। ਇਸ ਤੋਂ ਬਾਅਦ 2006 ਪੰਜਾਬੀ ਯੂਨੀਰਸਿਟੀ ਨੇ ਮਹਾਨ ਕੋਸ਼ ਨੂੰ ਛਾਪਣਾ ਸ਼ੁਰੂ ਕੀਤਾ ਸੀ। ਸਾਲ 2012 ਵਿਚ ਕੁਝ ਸਿੱਖ ਵਿਦਵਾਨਾਂ ਨੇ ਇਹ ਮੁੱਦਾ ਯੂਨੀਵਰਸਿਟੀ ਅਥਾਰਟੀ ਕੋਲ ਚੁੱਕਿਆ ਤੇ ਯੂਨੀਵਰਸਿਟੀ ਦੇ ਵਿਰੁੱਧ ਹਾਈ ਕੋਰਟ ਵਿਚ ਕੇਸ ਵੀ ਦਾਇਰ ਕੀਤਾ ਸੀ। ਯੂਨੀਵਰਸਿਟੀ ਅਥਾਰਟੀ ਨੇ ਮਹਾਨਕੋਸ਼ ਉੱਤੇ ਉਸ ਵਕਤ ਆਰਜ਼ੀ ਪਾਬੰਦੀ ਲਾ ਦਿੱਤੀ ਤੇ ਗ਼ਲਤੀਆਂ ਦੀ ਪਛਾਣ ਲਈ ਅੱਠ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ।

# 2002 ਦੇ ਗੋਧਰਾ ਕਾਂਡ ਵਿਚ ਯਾਕੂਬ ਪਟਾਲੀਆ ਨੂੰ ਸਾਰੀ ਉਮਰ ਦੀ ਕੈਦ

ਅਹਿਮਦਾਬਾਦ, 20 ਮਾਰਚ (ਪੋਸਟ ਬਿਊਰੋ)- ਸਾਲ 2002 ਦੇ ਗੋਧਰਾ ਕਾਂਡ ਵਿਚ ਅਹਿਮਦਾਬਾਦ ਦੀ ਵਿਸ਼ੇਸ਼ ਐੱਸ ਆਈ ਟੀ ਅਦਾਲਤ ਨੇ ਅੱਜ ਬੁੱਧਵਾਰ ਨੂੰ ਯਾਕੂਬ ਪਟਾਲੀਆ ਨੂੰ ਸਾਰੀ ਉਮਰ ਦੀ ਕੈਦ ਦੀ ਸਜ਼ਾ ਸੁਣਾਈ ਹੈ। ਗੁਜਰਾਤ ਦੇ ਗੋਧਰਾ ਰੇਲਵੇ ਸਟੇਸ਼ਨ ਉੱਤੇ ਸਾਲ 2002 ਵਿਚ ਹੋਏ ਰੇਲ ਗੱਡੀ ਅਗਨੀ ਕਾਂਡ ਵਿੱਚ ਪੁਲਿਸ ਦੀ ਜਾਂਚ ਟੀਮ ਨੇ ਯਾਕੂਬ ਪਟਾਲੀਆ (63) ਨੂੰ ਗੋਧਰਾ ਤੋਂ ਗ੍ਰਿਫ਼ਤਾਰ ਕੀਤਾ ਸੀ, ਜਿਸ ਉੱਤੇ ਉਸ ਭੀੜ ਵਿਚ ਸ਼ਾਮਲ ਹੋਣ ਦਾ ਦੋਸ਼ ਸੀ, ਜਿਸ ਨੇ 27 ਫਰਵਰੀ 2002 ਨੂੰ ਗੋਧਰਾ ਸਟੇਸ਼ਨ ਨੇੜੇ ਸਾਬਰਮਤੀ ਐਕਸਪ੍ਰੈੱਸ ਦੇ ਡੱਬੇ ਨੂੰ ਅੱਗ ਲਾਈ ਸੀ। ਯਾਕੂਬ ਦੇ ਖ਼ਿਲਾਫ਼ ਸਤੰਬਰ 2002 ਵਿਚ ਕੇਸ ਦਰਜ ਕੀਤਾ ਗਿਆ ਤੇ ਰੇਲਵੇ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਦੇ ਦੋਸ਼ ਲਾਏ ਗਏ ਹਨ। ਪੁਲਿਸ ਨੇ ਦੱਸਿਆ ਕਿ ਉਹ ਘਟਨਾ ਦੇ ਬਾਅਦ ਤੋਂ ਫ਼ਰਾਰ ਸੀ।

ਸਾਲ 2002 ਵਿਚ ਗੋਧਰਾ ਵਿੱਚ ਟ੍ਰੇਨ ਡੱਬੇ ਸਾੜਨ ਦੇ ਕੇਸ ਵਿੱਚ ਗੁਜਰਾਤ ਹਾਈ ਕੋਰਟ ਨੇ ਕਿਹਾ ਸੀ ਕਿ 11 ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਜਾਵੇਗੀ। ਜ਼ਿਕਰ ਯੋਗ ਹੈ ਕਿ 27 ਫਰਵਰੀ 2002 ਨੂੰ ਸਾਬਰਮਤੀ ਐਕਸਪ੍ਰੈੱਸ ਦੇ ਐੱਸ-6 ਕੋਚ ਨੂੰ ਗੁਜਰਾਤ ਦੇ ਗੋਧਰਾ ਸਟੇਸ਼ਨ ਉੱਤੇ ਅੱਗ ਲਾ ਦੇਣ ਨਾਲ ਇਸ ਵਿਚ 59 ਲੋਕਾਂ ਦੀ ਮੌਤ ਹੋ ਗਈ ਸੀ। ਇਨ੍ਹਾਂ ਵਿਚ ਬਹੁਤੇ ਕਾਰ ਸੇਵਕ ਸਨ, ਜਿਹੜੇ ਅਯੁੱਧਿਆ ਤੋਂ ਮੁੜ ਰਹੇ ਸਨ। ਫਿਰ 28 ਫਰਵਰੀ ਤੋਂ 31 ਮਾਰਚ 2002 ਤਕ ਗੁਜਰਾਤ ਦੇ ਕਈ ਇਲਾਕਿਆਂ ਵਿਚ ਦੰਗੇ ਭੜਕੇ ਸਨ, ਜਿਸ ਵਿਚ 1200 ਤੋਂ ਵੱਧ ਲੋਕ ਮਾਰੇ ਗਏ ਸਨ।

## ਰਿਸ਼ਵਤ ਦਾ ਕੇਸ ਦੱਬਣ ਲਈ ਵਿਜੀਲੈਂਸ ਨੂੰ 10 ਲੱਖ ਰੁਪਏ ਦਿੰਦਾ ਆਰ ਟੀ ਓ ਫੜਿਆ

ਊਨਾ, 20 ਮਾਰਚ (ਪੋਸਟ ਬਿਊਰੋ)- ਰਿਸ਼ਵਤ ਲੈਣ ਦਾ ਦੋਸ਼ ਹਲਕਾ ਕਰਨ ਅਤੇ ਆਮਦਨ ਤੋਂ ਵੱਧ ਜਾਇਦਾਦ ਦੀ ਜਾਂਚ ਨਾ ਕਰਨ ਲਈ ਵਿਜੀਲੈਂਸ ਨੂੰ 10 ਲੱਖ ਰੁਪਏ ਰਿਸ਼ਵਤ ਦੇਣ ਦੇ ਦੋਸ਼ ਵਿੱਚ ਇਕ ਆਰ ਟੀ ਓ ਗ੍ਰਿਫਤਾਰ ਕੀਤਾ ਗਿਆ ਹੈ। ਵਿਜੀਲੈਂਸ ਟੀਮ ਨੇ ਹਿਮਾਚਲ ਪ੍ਰਦੇਸ਼ ਦੇ ਨਾਲਾਗੜ੍ਹ ਦੇ ਆਰ ਟੀ ਓ ਓਮ ਪ੍ਰਕਾਸ਼ ਪੁਰੀ ਨੂੰ ਮਹਿਤਪੁਰ ਸ਼ਹਿਰ ਤੋਂ 10 ਲੱਖ ਰੁਪਏ ਦੇ ਨਾਲ ਗ੍ਰਿਫਤਾਰ ਕੀਤਾ ਹੈ। ਏ ਡੀ ਸੀ ਪੀ ਵਿਜੀਲੈਂਸ ਅਨੁਰਾਗ ਗਰਗ ਨੇ ਦੱਸਿਆ ਕਿ ਵਿਜੀਲੈਂਸ ਊਨਾ ਨੇ ਆਰ ਟੀ ਓ ਦੇ ਖਿਲਾਫ ਦਫਤਰ ਵਿੱਚ ਰਿਸ਼ਵਤ ਲੈਣ ਦਾ ਕੇਸ ਦਰਜ ਕੀਤਾ ਸੀ। ਦੋਸ਼ੀ ਆਰ ਟੀ ਓ ਨੇ ਇਸ ਕੇਸ ਨੂੰ ਹਲਕਾ ਕਰਨ ਅਤੇ ਉਸ ਦੇ ਖਿਲਾਫ ਆਮਦਨ ਤੋਂ ਵੱਧ ਜਾਇਦਾਦ ਦੀ ਜਾਂਚ ਨਾ ਕਰਨ ਬਾਰੇ ਜਾਂਚ ਅਧਿਕਾਰੀ ਨੂੰ ਦਸ ਲੱਖ ਰੁਪਏ ਰਿਸ਼ਵਤ ਦੇਣ ਦੀ ਪੇਸ਼ਕਸ਼ ਕੀਤੀ ਸੀ, ਜਿਸ ਦੇ ਬਾਅਦ ਜਾਲ ਵਿਛਾ ਕੇ ਕੱਲ੍ਹ ਸਵੇਰੇ ਉਸ ਨੂੰ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਗਿਆ। ਐਸ ਐਸ ਪੀ ਸਾਗਰ ਚੰਦ ਨੇ ਦੱਸਿਆ ਕਿ ਦੋਸ਼ੀ ਦੇ ਖਿਲਾਫ ਭ੍ਰਿਸ਼ਟਾਚਾਰ ਰੋਕੂ ਐਕਟ ਹੇਠ ਛਾਣਬੀਣ ਸ਼ੁਰੂ ਕਰ ਦਿੱਤੀ ਹੈ।

Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

TORONTO $6.99/Sq Ft
22 Arrow Rd 1: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

Chatham-Kent $85,000
2 Chittim Rd 408 : Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

TORONTO $140,000
45 Four Winds Dr : Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

BRAMPTON $169,900
Photo Not Available
537 Van Kirk Dr 110 : Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

BRAMPTON $195,900
Photo Not Available
2070 Steeles Ave 18: Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

BRAMPTON $199,900
Photo Not Available
8770 The Gore Rd 6 : Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

BRAMPTON $199,000
25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

BRAMPTON $369,000
15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

TORONTO $309,000
320 Dixon Rd 1715: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

BRAMPTON $349,000
SUBWAY eat fresh.
3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000
315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

MISSISSAUGA $469,000
Photo Not Available
349 Rathburn Rd W 1601: First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $899,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $910,000
Photo Not Available
18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੁਡ ਫਲੋਰ, ਰੈਨੋਵੇਟਡ ਬੇਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

*Canadian punjabi post assumes no responsibility for the accuracy of any information shown. Copyright Ppost 2019






# ਸੋਨੀਆ ਸਿੱਧੂ ਵੱਲੋਂ ਬਰੈਂਪਟਨ ਸਾਊਥ ਵਿਚ ਗਰੌਸਰੀ-ਚੇਨ 'ਚਲੋ ਫ਼ਰੈੱਸ਼ਕੋ' ਦੀ ਨਵੀਂ ਲੋਕੇਸ਼ਨ ਦਾ ਸੁਆਗ਼ਤ



ਬਰੈਂਪਟਨ, -ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਵੱਲੋਂ ਗਰੌਸਰੀ-ਚੇਨ 'ਚਲੋ ਫ਼ਰੈਸ਼ਕੋ' ਵੱਲੋਂ ਬਰੈਂਪਟਨ ਸਾਊਥ ਵਿਚ ਆਪਣੀ ਤੀਸਰੀ ਲੋਕੇਸ਼ਨ ਖੋਲ੍ਹਣ 'ਤੇ ਉਸ ਦੇ ਮਾਲਕ ਜੌਹਨ ਕੈਂਡਰਿਕ ਅਤੇ ਸਟਾਫ਼ ਨੂੰ ਜੀ-ਆਇਆਂ ਕਹਿੰਦਿਆਂ ਹੋਇਆਂ ਉਨ੍ਹਾਂ ਦਾ ਸੁਆਗਤ ਕੀਤਾ ਗਿਆ। ਇਸ ਮੌਕੇ ਉਦਘਾਟਨੀ ਸਮਾਰੋਹ ਵਿਚ ਸੋਨੀਆ ਸਿੱਧੂ ਦੇ ਨਾਲ ਬਰੈਂਪਟਨ ਦੇ ਕਾਊਂਸਰਲਜ਼ ਪਾਲ ਵਸੰਤੇ ਤੇ ਡਗ਼ ਵਿਲੀਅਮਜ਼ ਅਤੇ ਕਮਿਊਨਿਟੀ ਦੇ ਬਹੁਤ ਸਾਰੇ ਪਤਵੰਤੇ ਵੀ ਸ਼ਾਮਲ ਸਨ। ਇੱਥੇ ਇਹ ਜ਼ਿਕਰਯੋਗ ਹੈ ਕਿ 'ਚਲੋ ਫ਼ਰੈਸ਼ਕੋ' ਗਰੌਸਰੀ ਸਟੋਰਾਂ 'ਤੇ ਗਾਹਕਾਂ ਨੂੰ ਹਰੇਕ ਪ੍ਰਕਾਰ ਦੀ ਸਾਊਥ ਏਸ਼ੀਅਨ ਤੇ ਹੋਰ ਖਾਧ-ਸਮੱਗਰੀ, ਤਾਜ਼ੇ ਸੀ-ਫੂਡਜ਼, ਫ਼ਲ਼, ਸਬਜ਼ੀਆਂ ਅਤੇ ਗਰੌਸਰੀ ਦਾ ਹਰ ਤਰ੍ਹਾਂ ਦਾ ਸਮਾਨ ਸਹੀ ਰੇਟਾਂ 'ਤੇ ਮਿਲਦਾ ਹੈ।

ਇਸ ਮੌਕੇ ਗਾਹਕਾਂ ਤੇ ਆਮ ਲੋਕਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਸੋਨੀਆ ਸਿੱਧੂ ਨੇ ਕਿਹਾ,"2015 ਤੋਂ ਕੈਨੇਡਾ ਦੀ ਸਰਕਾਰ ਦੇਸ਼-ਵਾਸੀਆਂ ਲਈ ਭਾਰੀ ਪੂੰਜੀ-ਨਿਵੇਸ਼ ਕਰ ਰਹੀ ਹੈ ਜਿਸ ਨਾਲ ਕੌਮੀ ਪੱਧਰ 'ਤੇ 90,000 ਨਵੇਂ ਰੋਜ਼ਗਾਰ ਪੈਦਾ ਹੋਏ ਹਨ ਅਤੇ ਇਨ੍ਹਾਂ ਦੀ ਗਿਣਤੀ ਦਿਨ-ਬਦਿਨ ਵੱਧਦੀ ਜਾ ਰਹੀ ਹੈ। ਮੇਰੀ ਰਾਈਡਿੰਗ ਬਰੈਂਪਟਨ ਸਾਊਥ ਵਿਚ ਹੀ 100 ਤੋਂ ਵਧੀਕ ਨਵੇਂ ਰੋਜ਼ਗਾਰ ਹੋਂਦ ਵਿਚ ਆਏ ਹਨ ਜੋ ਸਾਡੇ ਸਾਰਿਆਂ ਲਈ ਬੜੀ ਖ਼ੁਸ਼ੀ ਵਾਲੀ ਗੱਲ ਹੈ। 'ਚਲੋ ਫ਼ਰੈਸ਼ਕੋ' ਦੇ ਮਾਲਕ ਜੌਹਨ ਕੈਂਡਰਿਕ ਵੱਲੋਂ ਸਾਡੀ ਕਮਿਊਨਿਟੀ ਲਈ ਨਵੀਂ ਫ਼੍ਰੈਂਚਾਈਜ਼ ਖੋਲ੍ਹਣ ਨਾਲ ਰੋਜ਼ਗਾਰ ਦੇ ਹੋਰ ਮੌਕੇ ਪੈਦਾ ਹੋਏ ਹਨ ਜਿਸ ਨਾਲ ਮਿਡਲ ਕਲਾਸ ਦੇ ਲੋਕਾਂ ਨੂੰ ਰੋਜ਼ਗਾਰ ਮਿਲੇਗਾ। 8405 ਫ਼ਾਈਨੈਂਸ਼ੀਅਲ ਡਰਾਈਵ 'ਤੇ 'ਚਲੋ ਫ਼ਰੈਸ਼ਕੋ' ਵੱਲੋਂ ਆਪਣੀ ਇਹ ਤੀਸਰੀ ਲੋਕੇਸ਼ਨ ਸ਼ੁਰੂ ਕੀਤੀ ਗਈ ਹੈ ਜਿਸ ਨਾਲ ਇਸ ਏਰੀਏ ਦੇ ਲੋਕਾਂ ਨੂੰ ਕਾਫ਼ੀ ਸਹੂਲਤ ਮਿਲੇਗੀ।"

ਉਨ੍ਹਾਂ ਕਿਹਾ ਕਿ ਛੋਟੇ ਅਤੇ ਦਰਮਿਆਨੇ ਦਰਜੇ ਦੇ ਬਿਜ਼ਨੈੱਸ ਦੇਸ਼ ਦੀ 'ਰੀੜ੍ਹ ਦੀ ਹੱਡੀ' ਹਨ। ਉਹ ਕੈਨੇਡਾ ਦੇ ਸਮੁੱਚੇ ਬਿਜ਼ਨੈੱਸ ਦਾ 98% ਭਾਗ ਬਣਦੇ ਹਨ ਅਤੇ 70% ਲੇਬਰ ਫ਼ੋਰਸ ਨੂੰ ਰੋਜ਼ਗਾਰ ਮੁਹੱਈਆ ਕਰਦੇ ਹਨ। ਇਸ ਤਰ੍ਹਾਂ ਉਹ ਦੇਸ਼ ਦੇ ਗਰੌਸ ਡੋਮੈੱਸਟਿਕ ਪ੍ਰੌਡਕਟ ਵਿਚ 30% ਦੀ ਭਾਈਵਾਲੀ ਪਾਉਂਦੇ ਹਨ। ਉਨ੍ਹਾਂ ਹੋਰ ਕਿਹਾ, "ਛੋਟੇ ਬਿਜ਼ਨੈੱਸ ਕੈਨੇਡਾ ਨੂੰ ਅੱਗੇ ਲਿਜਾ ਰਹੇ ਹਨ ਅਤੇ ਇਸ ਮੌਕੇ ਮੈਂ 'ਚਲੋ ਫ਼ਰੈੱਸ਼ਕੋ' ਦੇ ਮਾਲਕ ਜੌਹਨ ਕੈਂਡਰਿਕ ਨੂੰ ਬਰੈਂਪਟਨ ਦੀ ਆਪਣੀ ਰਾਈਡਿੰਗ ਵਿਚ ਇਹ ਤੀਸਰੀ ਲੋਕੇਸ਼ਨ ਖੋਲ੍ਹਣ ਅਤੇ ਦੇਸ਼ ਦੇ ਅਰਥਚਾਰੇ ਵਿਚ ਆਪਣਾ ਭਰਪੂਰ ਯੋਗਦਾਨ ਪਾਉਣ 'ਤੇ ਹਾਰਦਿਕ ਵਧਾਈ ਦਿੰਦੀ ਹਾਂ। ਜਦੋਂ ਛੋਟੇ ਰੋਜ਼ਗਾਰ ਪ੍ਰਫੁੱਲਤ ਹੁੰਦੇ ਹਨ ਤਾਂ ਕੈਨੇਡਾ ਵੀ ਅੱਗੇ ਵੱਧਦਾ ਹੈ।"

# ਮਾਲਵਾ ਵਿੱਚ ਸੱਚਾ ਸੌਦਾ ਡੇਰੇ ਦੇ ਪ੍ਰੇਮੀ ਖਾਮੋਸ਼, ਸਿਆਸੀ ਦਲਾਂ ਨੂੰ ਘਾਬਰਾਂ

ਚੰਡੀਗੜ੍ਹ, 20 ਮਾਰਚ (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਬਾਰੇ ਸਿਆਸੀ ਦਲਾਂ ਨੇ ਅੰਦਰਖਾਤੇ ਆਪਣੀ ਵੋਟ ਬੈਂਕ ਦਾ ਜੋੜ-ਤੋੜ ਸ਼ੁਰੂ ਕਰ ਦਿੱਤਾ ਹੈ। ਇਸ ਚੋਣ ਵਿੱਚ ਇੱਕ ਖਾਸ ਗੱਲ ਦੇਖਣ ਨੂੰ ਮਿਲੀ ਹੈ ਕਿ ਡੇਰਾ ਸੱਚਾ ਸੌਦਾ ਪ੍ਰੇਮੀ ਆਪਣੇ ਵੋਟ ਬਾਰੇ ਖਾਮੋਸ਼ ਹਨ। ਮਾਲਵਾ ਇਲਾਕੇ ਵਿੱਚ ਇਨ੍ਹਾਂ ਡੇਰਾ ਪ੍ਰੇਮੀਆਂ ਦਾ ਇੱਕ ਵੱਡਾ ਵੋਟ ਬੈਂਕ ਹੈ, ਜੋ ਸੂਬੇ ਦੀਆਂ ਕਈ ਵਿਧਾਨ ਸਭਾ ਸੀਟਾਂ ਨੂੰ ਪ੍ਰਭਾਵਤ ਕਰਦਾ। ਡੇਰੇ ਦੇ ਸਿਆਸੀ ਵਿੰਗ ਵੱਲੋਂ ਲੋਕ ਸਭਾ ਚੋਣਾਂ ਨੂੰ ਲੈ ਕੇ ਕਿਸੇ ਸਿਆਸੀ ਦਲ ਨੂੰ ਸਮਰਥਨ ਦਿੱਤੇ ਜਾਣ ਸੰਬੰਧੀ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।

ਸਮਝਿਆ ਜਾਂਦਾ ਹੈ ਕਿ ਪੰਜਾਬ ਦੀ ਮਾਲਵਾ ਬੈਲਟ ਵਿੱਚ ਵੱਕਾਰ ਰੱਖਣ ਵਾਲੇ 33 ਲੱਖ ਤੋਂ ਵੱਧ ਡੇਰਾ ਪ੍ਰੇਮੀਆਂ ਦੀ ਨਾਰਾਜ਼ਗੀ ਇਸ ਵਾਰ ਸੂਬੇ ਦੇ ਕਿਸੇ ਨਾ ਕਿਸੇ ਸਿਆਸੀ ਦਲ ਉਤੇ ਭਾਰੀ ਪਵੇਗੀ, ਪਰ ਹਾਲੇ ਉਸ ਦਾ ਸਹੀ ਅੰਦਾਜ਼ਾ ਲਾਉਣਾ ਔਖਾ ਹੈ, ਇਨ੍ਹਾਂ ਅੱਖਾਂ ਵੋਟਰਾਂ ਦੀ ਨਾਰਾਜ਼ਗੀ ਤਿੰਨਾਂ ਹੀ ਪ੍ਰਮੁੱਖ ਦਲਾਂ ਦੇ ਲਈ ਚਿੰਤਾ ਦਾ ਕਾਰਨ ਬਣ ਸਕਦੀ ਹੈ।

ਸਾਲ 1998 ਵਿੱਚ ਸੱਚਾ ਸੌਦਾ ਡੇਰੇ ਨੇ ਲੋਕ ਸਭਾ ਚੋਣਾਂ ਵਿੱਚ ਅਕਾਲੀ-ਭਾਜਪਾ ਨੂੰ ਸਮਰਥਨ ਦਿੱਤਾ ਤਾਂ ਅਕਾਲੀ ਦਲ ਅਤੇ ਭਾਜਪਾ ਦੇ ਗਠਜੋੜ ਨੇ ਸਾਰੀਆਂ 13 ਸੀਟਾਂ ਜਿੱਤ ਲਈਆਂ ਤੇ ਸੂਬੇ ਤੋਂ ਕਾਂਗਰਸ ਦਾ ਸਫਾਇਆ ਹੋ ਗਿਆ ਸੀ। ਇਸ ਵਾਰੀ ਸਿਆਸੀ ਦਲ ਵੀ ਇਸ ਮਾਮਲੇ ਬਾਰ ਕੁਝ ਕਹਿਣ ਤੋਂ ਬਚ ਰਹੇ ਹਨ, ਪ੍ਰੰਤੂ ਇਹ ਦਲ ਇੰਨੇ ਵੱਡੇ ਵੋਟ ਬੈਂਕ ਨੂੰ ਨਜ਼ਰ ਅੰਦਾਜ਼ ਵੀ ਨਹੀਂ ਕਰ ਸਕਦੇ ਕਿਉਂਕਿ ਸਿਆਸਤਦਾਨ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਹ ਵੋਟ ਬੈਂਕ ਜਿੱਤ ਅਤੇ ਹਾਰ ਦੀ ਵਜ੍ਹਾ ਬਣ ਸਕਦਾ ਹੈ, ਪਰ ਖੁੱਲ੍ਹ ਕੇ ਵੀ ਡੇਰੇ ਦੀਆਂ ਵੋਟਾਂ ਮੰਗਣ ਤੋਂ ਕਤਰਾ ਰਹੇ ਹਨ।

# 2019 ਬਜੱਟ ਬਰੈਂਪਟਨ ਲਈ ਵਧੇਰੇ ਲਾਭਦਾਇਕ : ਐੱਮ ਪੀ ਸਹੋਤਾ:



ਅੱਜ ਸਾਡੇ ਫ਼ਾਂਈਨੈਂਸ ਮਿਮਿਸਟਰ, ਬਿਲ ਮੌਰਨੋ, ਨੇ 2019 ਬਜੱਟ ਪੇਸ਼ ਕੀਤਾ। ਬਰੈਂਪਟਨ ਨਾਰਥ ਦੀ ਐਮ ਪੀ ਰੂਬੀ ਸਹੋਤਾ ਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਬਰੈਮਪਟਨ ਨਾਰਥ ਦੇ ਜਿਹੜੇ ਮੁਦਿਆਂ ਨੂੰ ਉਨ੍ਹਾਂ ਨੇ ਅੱਗੇ ਰਖਿਆ ਸੀ ਉਨ੍ਹਾਂ ਨੂੰ 2019 ਦੇ ਬਜਟ ਵਿੱਚ ਕਾਫੀ ਮਹੱਤਵਪੂਰਣ ਸਥਾਨ ਮਿਲਿਆ ਹੈ। 2015 ਦੀਆਂ ਚੋਣਾਂ ਦੌਰਾਨ ਕੈਨੇਡਾ ਵਾਸੀਆਂ ਨੇ ਸਾਫ਼ ਦਰਸਇਆ ਸੀ ਕਿ ਉਨ੍ਹਾਂ ਨੂੰ ਐਨ ਡੀ ਪੀ ਅੱਤੇ ਕਨਜ਼ਰਵੇਟਿਵਾਂ ਦੀਆ ਕਟੌਤੀਆਂ ਅੱਤੇ ਤਪਸ਼ਟੀਕਰਨ ਦੀਆਂ ਯੋਜਨਾਵਾਂ ਤੋਂ ਵਧੇਰੇ ਸਾਡੀਆਂ ਮਧ ਵਰਗ ਲਈ ਨਿਵੇਸ਼ ਦੀਆਂ ਯੋਜਨਾਵਾਂ ਤੇ ਵਧੇਰੇ ਵਿਸ਼ਵਾਸ ਸੀ। ਕੈਨੇਡਾ ਨਿਵਾਸੀ ਇਹ ਵੇਖ ਸਕਦੇ ਹਨ ਕਿ ਉਨ੍ਹਾਂ ਦਾ ਫ਼ੈਸਲਾ ਬਿਲਕੁਲ ਸਹੀ ਸੀ। ਅੱਜ ਸਾਡਾ ਅਰਥਚਾਰਾ ਜੀ 7 ਦੇਸ਼ਾਂ ਵਿੱਚ ਸਭ ਤੋਂ ਵੱਧ ਤੇਜੀ ਨਾਲ ਵੱਧ ਰਿਹਾ ਹੈ। 900,000 ਨਵੀਆਂ ਨੌਕਰੀਆਂ ਸਿਰਜੀਆਂ ਹਨ ਅੱਤੇ ਮਧ ਵਰਗ ਦੇ ਲੋਕਾਂ ਦੀ ਰਿਹਣੀ ਪਹਿਲਾਂ ਤੋਂ ਕਿਤੇ ਬਿਹਤਰ ਹੈ।

2019 ਦੇ ਬੱਜਟ ਰਾਹੀਂ ਸਾਡੀ ਸਰਕਾਰ ਇਹ ਯਕੀਨੀ ਕਰ ਰਹੀ ਹੈ ਕਿ ਸਾਰੇ ਕੈਨੇਡਾ ਵਾਸੀਆਂ ਨੂੰ ਸਾਡੀ ਅਗਾਂਹ ਵਧੂ ਅਰਥ

ਵਿਵਸਥਾ ਦਾ ਫਾਇਦਾ ਹੋਵ, ਜਿਵੇਂ ਕਿ --- ਆਪਣੀ ਪਹੁੰਚ ਅਨੁਸਾਰ ਘਰ ਖਰੀਦ ਸਕਣ, ਬਿਹਤਰ ਬੁਨਿਆਦੀ ਢਾਂਚੇ ਦਾ ਫ਼ਾਇਦਾ ਉਠਾ ਸਕਣ, ਚੰਗੀਆਂ ਨੌਕਰੀਆਂ ਲਈ ਤਿਆਰੀ ਕਰ ਸਕਣ ਅੱਤੇ ਮਨ ਦੀ ਸ਼ਾਤੀ ਨਾਲ ਰਿਟ-ਾਇਰ ਹੋ ਸਕਣ। ਜਦੋਂ ਕਿ ਕੰਜ਼ਾਵੇਟਿਵ ਅਮੀਰ ਲੋਕਾਂ ਦੇ ਫਾਇਦੇ ਲਈ ਕਟੌਤੀਆਂ ਅੱਤੇ ਤਪਸ਼ਟੀਕਰਨ ਤੇ ਧਿਆਨ ਦੇ ਰਹੀ ਹੈ ਸਾਡੀ ਸਰਕਾਰ ਮੱਧ ਵਰਗ ਲਈ ਨਿਵੇਸ਼ ਕਰਨ ਦੀ ਆਪਣੀ ਯੋਜਨਾਂ ਤੇ ਲਗੀ ਹੈ ਤਾਂ ਜੋ ਸਾਡੀ ਅਗਾਂਹ ਵਧ ਰਹੀ ਅਰਥ ਵਿਵਸਥਾ ਦਾ ਹਰ ਕਿਸੇ ਨੂੰ ਫਾਇਦਾ ਹੋ ਸਕੇ।

2019 ਦੇ ਬਜੱਟ ਵਿੱਚ ਬਰੈਮਪਟਨ ਨਾਰਥ ਅੱਤੇ ਸਾਰੇ ਕੈਨੇਡਾ ਨਿਵਾਸੀਆਂ ਨੂੰ ਫਾਇਦਾ ਹੀ ਫਾਇਦਾ---

ਬੁਨਿਆਦੀ ਢਾਂਚੇ ਲਈ ਨਵੀਂ ਫੰਡਿੰਗ—2015 ਵਿੱਚ ਸਾਡੀ ਸਰਕਾਰ ਨੇ ਇਹ ਯਕੀਨੀ ਕੀਤਾ ਸੀ ਕਿ ਬੁਨਿਆਦੀ ਢਾਂਚੇ ਦੀ ਫ਼ੰਡਿੰਗ ਦਾ ਵਾਅਦਾ ਪੂਰਾ ਕੀਤਾ ਜਾਵੇਗਾ। 2015 ਤੋਂ ਪਹਿਲਾਂ, ਜਿਹੜੀ ਵੀ ਲਾਗਤ ਕਮਿਊਨਿਟੀਆਂ ਦੇ ਬੁਨਿਆਦੀ ਢਾਂਚੇ ਲਈ ਅਲਾਟ ਕੀਤੀ ਜਾਂਦੀ ਸੀ ਉਹ ਜਾਂ ਤਾਂ ਸਹੀ ਅਲਾਟ ਨਹੀਂ ਕੀਤੀ ਜਾਂਦੀ ਸੀ ਜਾਂ ਖਰਚੀ ਹੀ ਨਹੀਂ ਸੀ ਜਾਂਦੀ। ਬਰੈਂਪਟਨ ਵਰਗੀਆਂ ਮੁਊਨਸੀਪੈਲਟੀਆਂ ਨੂੰ ਫੰਡਿੰਗ ਦਾ ਬਹੁਤ ਘਾਟਾ ਸੀ। ਇਸ ਬਜੱਟ ਦੇ ਤਿਹਤ ਬਰੈਂਪਟਨ ਨੂੰ ਫੈਡਰਲ ਗੈਸ ਟੈਕਸ ਰਾਹੀਂ $212 ਬਿਲੀਅਨ ਦੀ ਇੱਕ ਵਾਰ ਦੀ ਫ਼ਡਿੰਗ ਮਿਲੀ ਹੈ। ਇਸ ਤੋਂ ਇਲਾਵਾ ਬਰੈਂਪਟਨ ਨੂੰ ਮਿਲੇਗਾ 1616 ਮਿਲੀਅਨ ਡਾਲਰ, ਕੁਲ ਹੋਵ-ਗਗ 50 ਮਿਲੀਅਨ। ਪੀਲ ਰੀਜਨ ਇਸ ਸਾਲ 41 ਮਿਲੀਅਨ ਡਾਲਰ ਮਿਲ ਰਿਹਾ ਹੈ। ਇਸ ਵਿਤੀਯ ਸਹਾਇਤਾ ਨਾਲ ਅਸੀਂ ਬਰੈਂਪਟਨ ਦਾ ਖਰਾਬ ਹਾਲਤ ਬੁਨਿਆਦੀ ਢਾਂਚਾ ਸੁਧਾਰ ਸਕਦੇ ਹਾਂ।

ਤਿੰਨ ਤੋਂ ਜ਼ਿਆਦਾ ਕੈਨੇਡਿਅਨ ਸਾਈਬਰ ਸੁਰਖਿਆ ਕੇਂਦਰਾਂ ਦਾ ਵਿਕਾਸ ਹੋਵੇਗਾ—ਅਸੀਂ ਜਾਣਦੇ ਹਾਂ ਕਿ ਡਿਜੀਟਲ ਅਰਥਚਾਰੇ ਵਿੱਚ ਬਹੁਤ ਤੇਜੀ ਨਾਲ ਵਿਕਾਸ ਹੋ ਰਿਹਾ ਹੈ, ਇਸਲਈ ਸਾਈਬਰ ਸੁਰਖਿਆ ਸਾਰੇ ਪਧਰਾਂ ਦੀ ਸਰਕਾਰ ਲਈ, ਕਾਰੋਬਾਰਾਂ ਲਈ ਅੱਤੇ ਹਰ ਵਿਅਕਤੀ ਲਈ ਬਹੁਤ ਜ਼ਰੂਰੀ ਹੋ ਗਈ ਹੈ। ਸਾਇਬਰ ਸੁਰਖਿਆ ਦੇ ਹੁਨਰ ਰਖਣ ਵਾਲੇ ਕਾਮਿਆਂ ਦੀ ਲੋੜ ਬਹੁਤ ਵਧ ਗਈ ਹੈ ਕਿਉਂਕਿ—ਨਵੇਂ ਤਕਨੀਕੀ ਬਦਲਾਵਾਂ ਰਾਹੀਂ ਪੈਦਾ ਹੋ ਰਹੇ ਖਤਰਿਆਂ ਨਾਲ ਤਾਲਮੇਲ ਰਖਣ ਦੀ ਲੋੜ ਹੈ। ਬਰੈਂਪਟਨ ਵਿੱਚ ਰਾਇਸਨ ਯੂਨਿਵਰਸਿਟੀ ਦੇ ਸਾਇਬਰ ਸੁਰਖਿਆ ਦੇ ਕੈਟਲਿਸਟ ਸੈਂਟਰ ਰਾਹੀਂ ਕੈਨੇਡਾ ਨੂੰ ਸਾਈਬਰ ਸੁਰਖਿਆ ਖੋਜ, ਨਵੀਨਤਾ ਅੱਤੇ ਵਿਕਾਸ ਵਿੱਚ ਅੱਗੇ ਵਧਣ ਲਈ ਸਹਾਇਤਾ ਕੀਤੀ ਹੈ।

ਵਿਦਿਆਰਥੀ ਅੱਤੇ ਪੋਸਟ-ਸਕੈਂਡਰੀ ਵਿਦਿਆ ਲਈ ਸਹਾਇਤਾ—ਸੱਤਾ ਵਿੱਚ ਆਉਣ ਤੋਂ ਬਾਅਦ ਸਾਡੀ ਸਰਕਾਰ ਨੇ ਪੋਸਟ-ਸਕੈਂਡਰੀ ਵਿਦਿਆ ਨੂੰ ਕਿਫਾਇਤੀ ਅੱਤੇ ਪਹੁੰਚਯੋਗ ਬਣਾਉਣ ਲਈ ਕਈ ਕਦਮ ਚੁੱਕੇ ਹਨ—ਜਿਵੇਂ ਕਿ ਇਹ ਯਕੀਨੀ ਬਣਾਉਣਾ ਕਿ ਕਿਸੇ ਵੀ ਵਿਦਿਆਰਥੀ ਨੂੰ ਆਪਣਾ ਸਟੂਡੈਂਟ ਲੋਨ ਉਦੋਂ ਤੱਕ ਵਾਪਸ ਕਰਨ ਦੀ ਕੋਈ ਪਾਬੰਦੀ ਨਹੀਂ ਜਦੋਂ ਤੱਕ ਉਸ ਦੀ ਸਲਾਨਾ ਆਮਦਨੀ $25,000 ਨਾ ਹੋਵੇ। 2019 ਦੇ ਬਜਟ ਤਹਤ ਸਟੂਡੈਂਟ ਲੋਨ ਤੇ ਹੋਰ ਵੀ ਘੱਟ ਬਿਆਜ ਲਗੇਗਾ ਅੱਤੇ ਵਿਦਿਆ ਪੂਰੀ ਕਰਨ ਦੇ 6 ਮਹੀਨੇ ਤੱਕ ਕੋਈ ਵੀ ਬਿਆਜ ਨਹੀਂ ਲਗੇਗਾ।

ਵਧੇਰੇ ਸੁਰਖਿਅਤ ਰਿਟਾਇਰਮੈਂਟ—ਸਾਰੀ ਉਮਰ ਮਿਹਨਤ ਕਰਨ ਤੋਂ ਬਾਅਦ ਹਰ ਕੈਨੇਡਾ ਨਿਵਾਸੀ ਦਾ ਇਹ ਹੱਕ ਹੈ ਉਸ ਦਾ ਬੁਢਾਪਾ ਸੁਰਖਿਅਤ, ਆਦਰਯੋਗ ਅੱਤੇ ਵਿੱਤੀ ਚਿੰਤਾਂਵਾਂ ਤੋਂ ਮੁਕਤ ਹੋਵੇ। 2019 ਬਜਟ ਵਿੱਚ ਸਾਡੀ ਸਰਕਾਰ ਇਹ ਯਕੀਨੀ ਕਰ ਰਹੀ ਹੈ ਕਿ ਕੈਨੇਡਾ ਦੇ ਬਜ਼ੁਰਗਾਂ ਲਈ ਜ਼ਿੰਦਗੀ ਆਸਾਨ ਹੋਵੇ ਅੱਤੇ ਜਿਹੜੇ ਬਜ਼ੁਰਗ ਕੰਮ ਕਰਨ ਚਾਹੁੰਦੇ ਹਨ ਉਨ੍ਹਾਂ ਦੀ ਹੋਰ ਮਦਦ ਕੀਤੀ ਜਾਵੇ। ਜਿਹੜੇ ਜੀ ਆਈ ਐਸ ਵਿੱਚ ਬਦਲਾਵ ਲਿਆਂਦੇ ਗਏ ਹਨ ਉਨ੍ਹਾਂ ਸਦਕਾ ਹੁਣ ਘੱਟ ਆਮਦਨੀ ਵਾਲੇ ਬਜ਼ੁਰਗ ਆਪਣੀ ਕਮਾਈ ਦਾ ਵਾਧੂ ਹਿੱਸਾ ਆਪਣੇ ਕੋਲ ਰੱਖ ਸਕਣਗੇ। ਨੀਊ ਹੋਰਾਈਜ਼ਨ ਫਾਰ ਸੀਨੀਅਰ ਪ੍ਰੋਗਰਾਮ ਵਿੱਚ ਨਵੀਂ ਇਨਵੈਸਟਮੈਂਟ ਰਾਹੀਂ ਨਵੇਂ ਪ੍ਰੋਗਰਾਮ ਕੀਤੇ ਜਾਣਗੇ ਤਾਂ ਜੋ ਬਜ਼ੁਰਗਾਂ ਦੀ ਜਿੰਦਗੀ ਬਿਹਤਰ ਹੋ ਸਕੇ। ਅਸੀਂ ਇਹ ਵੀ ਨਵੇਂ ਕਾਨੂੰਨ ਦਾ ਪਰਸਤਾਵ ਰਖਾਂਗੇ ਕਿ ਕਾਰਪੋਰੇਟ ਇਨਸੌਲਵੈਂਸੀ ਸਮੇਂ ਕੰਮ ਦੀ ਪੈਂਸ਼ਨਾਂ ਦੀ ਸੁਰਖਿਆ ਹੋ ਸਕੇ। ਇਨ੍ਹਾਂ ਬਦਲਾਵਾਂ ਰਾਹੀਂ ਕਾਰਪੋਰੇਟ ਨਿਰੋਧਕ ਕਾਰਵਾਈਆਂ ਵਧੇਰੇ ਨਿਰਪਖ, ਪਾਰਦਰਸ਼ੀ ਅੱਤੇ ਪੈਨਸ਼ਨਰਾਂ ਅੱਤੇ ਵਰਕਰਾਂ ਲਈ ਹੋਰ ਪਹੰਚ ਯੋਗ ਕਰੇਗਾ।

ਨੌਜਵਾਨ ਕੈਨੇਡਾ ਨਿਵਾਸੀਆਂ ਲਈ ਕਿਫਾਇਤੀ ਹਾਊਸਿੰਗ ਮਾਰਕਟ—ਅਸੀਂ ਮਿਹਸੂਸ ਕਰ ਰਹੇ ਹਾਂ ਕਿ ਬਰੈਂਪਟਨ ਵਿੱਚ ਘਰਾਂ ਦੀਆਂ ਕੀਮਤਾਂ ਦਿਨੋ ਦਿਨ ਵੱਧਦੀਆਂ ਜਾ ਰਹੀਆਂ ਹਨ, ਹਰ ਕੋਈ ਚਾਹੁੰਦਾ ਹੈ ਕਿ ਉਨ੍ਹਾਂ ਦਾ ਆਪਣਾ ਘਰ ਹੋਵੇ, ਜਿਹੜਾ ਉਨ੍ਹਾਂ ਦੀ ਵੀਤੀਅ ਹੈਸੀਅਤ ਦੇ ਵਿੱਚ ਹੋਵੇ। ਪਹਿਲੀ ਵਾਰ ਮਕਾਨ ਖਰੀਦਣ ਵਾਲਿਆਂ ਲਈ ਇਕ ਸਕੀਮ ਇਸ ਬਜਟ ਵਿੱਚ ਹੈ-ਉਨ੍ਹਾਂ ਲਈ ਘਰ ਖਰੀਦਣਾ ਹੋਰ ਵੀ ਆਸਾਨ ਹੋਵੇਗਾ ਕਿਊਕਿ ਮਹੀਨੇ ਦੀ ਮੌਰਟਗੇਜ ਘੱਟ ਹੋਵੇਗੀ। 5-10% ਹਿੱਸਾ ਸੀ ਐਮ ਸੀ ਐਚ ਨਾਲ ਸਾਂਝਾ ਹੋਵੇਗਾ।

ਨਵੇਂ ਕੈਨੇਡਿਅਨ ਟਰੇਨਿੰਗ ਲਾਭ—2019 ਦੇ ਬਜਟ ਵਿੱਚ ਇੱਕ ਨਵੀਂ ਸਕੀਮ, ਕਨੇਡਿਅਨ ਟਰੇਨਿੰਗ ਬੈਨੇਫ਼ਿਟ, ਲਾਗੂ ਕੀਤੀ ਗਈ ਹੈ। ਇਸ ਦੇ ਤਿਹਤ ਹੁਣ ਕੋਈ ਵੀ ਨਿਵਾਸੀ ਨਾਨ ਟੈਕਸੇਬਲ ਕਰੈਡਿਟ ਕਿਸੇ ਵੀ ਕਿਸਮ ਦੀ ਟਰੇਨਿੰਗ ਲੈਣ ਲਈ ਵਰਤ ਸਕਦਾ ਹੈ। ਇਸ ਨਵੀਂ ਟਰੇਨਿੰਗ ਨਾਲ ਉਹ ਆਪਣੇ ਕੰਮ ਕਰਨ ਦੇ ਸਕਿ਼ਲ ਵਧੇਰੇ ਵਧਿਆ ਕਰਕੇ ਆਪਣੀ ਅੱਤੇ ਆਪਣੇ ਪਰਿਵਾਰ ਦੀ ਜ਼ਿੰਦਗੀ ਖ਼ੁਸ਼ਹਾਲ ਬਣਾ ਸਕਣਗੇ।

ਨਸਲਵਾਦ ਵਿਰੋਧੀ ਨਵੀਂ ਸਟਰੈਟਜੀ—ਸਾਡੇ ਪ੍ਰਧਾਨ ਮੰਤਰੀ ਨੇ ਹਮੇਸ਼ਾ ਹੀ ਨਸਲਵਾਦ ਦੇ ਖਿਲਾਫ਼ ਆਵਾਜ਼ ਉਠਾਈ ਹੈ ਅੱਤੇ ਇਸ ਗੱਲ ਤੇ ਵਿਸ਼ਵਾਸ ਕਰਦੇ ਹਨ ਕਿ ਕੈਨੇਡਾ ਦੀ ਤਾਕਤ ਉਸ ਦੀ ਵਿਭਿਨਤਾ ਵਿੱਚ ਹੈ। ਹਾਲ ਵਿੱਚ ਹੀ ਨਿਊਜ਼ੀਲੈਂਡ ਵਿੱਚ ਵਾਪਰੇ ਭਿਆਨਕ ਹਾਦਸੇ ਨੂੰ ਧਿਆਨ ਵਿੱਚ ਰੱਖਦੇ ਇਹ ਸਟਰੈਟਜੀ ਹੋਰ ਵੀ ਮਹੱਤਵਪੂਰਣ ਹੋ ਜਾਦੀ ਹੈ। ਆਪਣੇ ਵਾਦਿਆਂ ਨੂੰ ਪੂਰਾ ਕਰਣ ਲਈ ਇਹ ਨਵੀਂ ਸਟਰੈਟਜੀ ਰਾਹੀਂ ਨਸਲਵਾਦ ਦੇ ਖਿਲਾਫ਼ ਨਵੇਂ ਕਦਮ ਚੱਕੇ ਜਾਣਗੇ, ਜਿਸ ਵਿੱਚ ਖਾਸ ਮੱਗਤਤਾ ਦਿੱਤੀ ਜਾਵੇਗੀ ਕਮਿਊਨਿਟੀ ਅਧਾਰਿਤ ਪ੍ਰੌਜੈਕਟਾਂ ਤੇ।

ਨਾਜਾਇਜ਼ ਇਮਿੰਗਰੈਂਟ ਕਨਸਲਟੈਂਟਾਂ ਤੋਂ ਸੁਰਖਿਆ—2019 ਬਜੱਟ ਵਿੱਚ ਉਨ੍ਹਾਂ ਪ੍ਰੌਜੈਕਟਾਂ ਲਈ ਫੰਡਿੰਗ ਮੁਹਈਆ ਹੈ ਜਿਸ ਰਾਹੀਂ ਨਵੇਂ ਇਮੀਗਰੈਂਟ ਜਿਹੜੇ ਸਲਾਹ-ਮਸ਼ਵਰੇ ਲਈ ਇਮੀਗ੍ਰੈਂਟ ਕਨਸਲਟੈਂਟਾਂ ਕੋਲ ਜਾਂਦੇ ਹਨ ਉਨ੍ਹਾਂ ਦੇ ਫਰਾਡਾਂ ਤੋਂ ਬਚ ਸਕਣ। ਇਸ ਫੰਡਿੰਗ ਰਾਹੀਂ ਇਨ੍ਹਾਂ ਦੀ ਨਿਗਰਾਨੀ ਕੀਤੀ ਜਾ ਸਕੇਗੀ ਤਾਂ ਜੋ ਉਹ ਕਾਨੂੰਨ ਦਾ ਅਨੁਪਾਲਣ ਕਰਨ।

ਨੈਸ਼ਨਲ ਫ਼ਾਰਮਕੇਅਰ ਲਾਗੂ ਕਰਨ ਲਈ ਅਗਾਂਹ ਵਧੂ ਕਦਮ—ਸਾਡੀ ਸਰਕਾਰ ਇਹ ਮਕਸਦ ਹੈ ਕਿ ਕਿਸੇ ਵੀ ਕੈਨੇਡੀਅਨ ਨੂੰ ਇਹ ਨਾ ਸੋਚਣਾ ਪਵੇ ਕਿ ਉਹ ਆਪਣੇ ਲਈ ਦਵਾਈ ਖਰੀਦੇ ਜਾਂ ਘਰ ਦੇ ਹੋਰ ਖਰਚੇ ਪੂਰੇ ਕਰੇ। ਅਸੀਂ ਸਾਰੇ ਹੀ ਆਪਣੇ ਹੈਲਥ-ਕੇਅਰ ਸਿਸਟਮ ਤੇ ਮਾਣ ਕਰਦੇ ਹਾਂ ਪਰ ਹਾਲੇ ਵੀ ਕਈ ਕੈਨੇਡਾ ਨਿਵਾਸੀਆਂ ਨੂੰ ਇਹ ਮੰਦਭਾਗਾ ਫ਼ੈਸਲਾ ਕਰਨ ਲਈ ਮਜਬੂਰ ਹੋ ਜਾਂਦੇ ਹਨ। 2019 ਬਜਟ ਰਾਹੀਂ ਅਸੀਂ ਨੈਸ਼ਨਲ ਫਾਰਮਕੇਅਰ ਪ੍ਰੋਗਰਾਮ ਦੀ ਨੀਂਹ ਰੱਖ ਰਹੇ ਹਾਂ- ਅਸੀਂ ਉਡੀਕ ਕਰ ਰਹੇ ਹਾਂ ਐਡਵਾਈਜ਼ਰੀ ਕਾਂਸਲ ਦੀ ਪੂਰੀ ਰਿਪੋਰਟ ਦੀ ਤਾਂ ਜੋ ਇਹ ਪ੍ਰੋਗਰਾਮ ਪੂਰੀ ਤਰ੍ਹਾਂ ਲਾਗੂ ਹੋ ਸਕੇ। ਬੱਜਟ 2019 ਰਾਹੀਂ ਅਸੀਂ ਕੈਨੇਡੀਅਨ ਡਰਗ ਐਜੰਸੀ ਸ਼ੁਰੂ ਕਰ ਰਹੇ ਹਾਂ


Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird



# ਸੰਪਾਦਕੀ

## ਕੀ ਥੋਥੇ ਹਨ ਟਰੂਡੋ ਦੇ ਔਰਤਾਂ ਦੀ ਬਰਾਬਰੀ ਬਾਰੇ ਦਾਅਵੇ?

ਨਵੇਂ ਯੁੱਗ ਦੇ ਆਗਾਜ਼ ਦਾ ਚਿਹਰਾ ਮੁਹਰਾ ਬਣ ਕੇ ਕੈਨੇਡੀਅਨ ਸਿਆਸਤ ਵਿੱਚ ਇੱਕ ਸਿਤਾਰਾ ਬਣ ਕੇ ਉੱਭਰੇ ਜਸਟਿਨ ਟਰੂਡੋ ਦਾ ਅਕਸ ਅੱਜ ਕੱਲ ਕਈ ਕਿਸਮ ਦੇ ਧੁੰਦਲੇ ਪਰਛਾਵਿਆਂ ਵਿੱਚ ਆ ਚੁੱਕਾ ਹੈ। ਇਸਦੀ ਸੱਭ ਤੋਂ ਤਾਜ਼ਾ ਮਿਸਾਲ ਵਿਟਬੀ, ਉਂਟੇਰੀਓ ਤੋਂ ਮੈਂਬਰ ਪਾਰਲੀਮੈਂਟ ਬੀਬੀ ਸੇਲੀਨਾ ਸੀਜ਼ਰ ਛਾਵਾਨਜ਼ ਦਾ ਲਿਬਰਲ ਪਾਰਟੀ ਛੱਡ ਕੇ ਆਜ਼ਾਦ ਹੋ ਜਾਣਾ ਹੈ। ਸੇਲੀਨਾ ਛਾਵਾਨਜ਼ ਦਾ ਅਸਤੀਫਾ ਕਈ ਪੱਖਾਂ ਤੋਂ ਧਿਆਨ ਖਿੱਚਦਾ ਹੈ। ਪਹਿਲਾ ਇਹ ਕਿ ਬੀਬੀ ਸੇਲੀਨਾ ਦਾ ਅਸਤੀਫਾ ਟਰੂਡੋ ਹੋਰਾਂ ਦੇ ਅੰਦਰੂਨੀ ਦਾਇਰੇ ਨਾਲ ਸਬੰਧਿਤ ਕਿਸੇ ਔਰਤ ਵੱਲੋਂ ਪਿਛਲੇ ਦੋ ਮਹੀਨਿਆਂ ਵਿੱਚ ਉਸਦੇ 'ਵੂਮੈਨ ਫਸਟ' ਬਰਾਂਡ ਨੂੰ ਧੱਕਾ ਮਾਰਨ ਵਾਲੀ ਤੀਜੀ ਘਟਨਾ ਹੈ। ਇਸਤੋਂ ਪਹਿਲਾਂ ਜੋਡੀ ਵਿਲਸਨ ਰੇਅਬੋਲਡ ਅਤੇ ਜੇਨ ਫਿਲਪੌਟ ਉਸਦੀ ਵਜ਼ਾਰਤ ਤੋਂ ਅਸਤੀਫੇ ਦੇ ਕੇ ਵੱਡੇ ਸਿਆਸੀ ਭੂਚਾਲ ਪੈਦਾ ਕਰ ਚੁੱਕੀਆਂ ਹਨ। ਟਰੂਡੋ ਹੋਰਾਂ ਦੇ 'ਵੂਮੈਨ ਬਰਾਂਡ' ਨੂੰ ਸੇਲੀਨਾ ਛਾਵਾਨਜ਼ ਦੇ ਅਸਤੀਫਾ ਨੇ ਇਸ ਲਈ ਵੀ ਧੱਕਾ ਮਾਰਿਆ ਹੈ ਕਿ ਉਹ ਬਲੈਕ ਕਮਿਉਨਿਟੀ ਨਾਲ ਸਬੰਧਿਤ ਹਨ ਅਤੇ ਬਲੈਕ ਕਮਿਉਨਿਟੀ ਦੇ ਦਿਲਾਂ ਵਿੱਚ ਪਹਿਲਾਂ ਹੀ ਸਿਆਸਤਦਾਨਾਂ ਪ੍ਰਤੀ ਸਦਭਾਵਨਾ ਦੀ ਕਮੀ ਪਾਈ ਜਾਂਦੀ ਹੈ।

"ਕੈਨੇਡਾ ਨੂੰ ਵਿਭਿੰਨਤਾ ਭਰੇ ਪਿਛੋਕੜ ਵਾਲੀਆਂ ਔਰਤਾਂ ਦੀ ਲੋੜ ਹੈ ਜਿਹੜੀਆਂ ਓਟਾਵਾ ਵਿੱਚ ਆ ਕੇ ਫੈਸਲੇ ਕਰਨ" ਇਹ ਸ਼ਬਦ ਜਸਟਿਨ ਟਰੂਡੋ ਦੇ ਹਨ ਜਿਹੜੇ ਅੱਜ ਵੀ ਲਿਬਰਲ ਪਾਰਟੀ ਦੀ ਵੈੱਬਸਾਈਟ ਉੱਤੇ ਵੇਖੇ ਜਾ ਸਕਦੇ ਹਨ। ਇਸ ਬਿਆਨ ਵਿੱਚ ਟਰੂਡੋ ਹੋਰਾਂ ਦਾ ਓਟਾਵਾ ਤੋਂ ਭਾਵ ਸਰਕਾਰ ਹੈ। ਪ੍ਰਧਾਨ ਮੰਤਰੀ ਉੱਤੇ ਆਪਣੇ ਸਾਥੀਆਂ ਦੀ ਆਵਾਜ਼ ਬੰਦ ਕਰਨ ਦਾ ਦੋਸ਼ ਲਾਉਣ ਵਾਲੀ ਇੱਕ ਬਲੈਕ ਕਮਿਉਨਿਟੀ ਨਾਲ ਸਬੰਧਿਤ ਔਰਤ ਐਮ ਪੀ ਦਾ ਅਸਤੀਫ਼ਾ ਦੇਣਾ ਉਹਨਾਂ ਦੇ ਬਿਆਨ ਦਾ ਮੂੰਹ ਚਿੜਾਉਂਦਾ ਜਾਪਦਾ ਹੈ। ਚੇਤੇ ਰਹੇ ਕਿ ਸੇਲੀਨਾ ਛਾਵਾਨਜ਼ ਦਸੰਬਰ 2015 ਤੋਂ ਜਨਵਰੀ 2017 ਤੱਕ ਤਕਰੀਬਨ ਸਵਾ ਸਾਲ ਪ੍ਰਧਾਨ ਮੰਤਰੀ ਦੀ ਪਾਰਲੀਮਾਨੀ ਸਕੱਤਰ ਰਹੀ ਹੈ। ਇਸਦਾ ਅਰਥ ਹੈ ਕਿ ਉਹ ਪ੍ਰਧਾਨ ਮੰਤਰੀ ਦੇ ਨੇੜਲੇ ਸਰਕਲ ਵਿੱਚ ਵਾਪਰ ਰਹੀਆਂ ਕਈ ਅਜਿਹੀਆਂ ਘਟਨਾਵਾਂ ਤੋਂ ਜਾਣੂੰ ਰਹੀ ਹੋਵੇਗੀ ਜਿਸਦੇ ਰੋਸ ਦਾ ਅੰਤ ਉਸਦੇ ਅਸਤੀਫੇ ਵਿੱਚ ਜਾ ਕੇ ਨਿਕਲਿਆ ਹੈ।

ਜਿਸ ਦਿਨ ਜਸਟਿਨ ਟਰੂਡੋ ਨੇ 2015 ਵਿੱਚ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ ਸੀ ਤਾਂ ਓਟਾਵਾ ਵਿੱਚ ਪਾਰਲੀਮੈਂਟ ਦੇ ਸਾਹਮਣੇ ਖਲੋ ਕੇ ਉਹਨਾਂ ਨੇ ਬੜੇ ਮਾਣ ਨਾਲ 15 ਔਰਤ ਅਤੇ 15 ਮਰਦ ਮੰਤਰੀਆਂ ਦੇ ਵਿਚਕਾਰ ਖੜੇ ਹੋ ਕੇ ਫੋਟੋ ਖਿਚਵਾਈ ਸੀ। ਜਦੋਂ ਕਿਸੇ ਰਿਪੋਰਟਰ ਨੇ ਸੁਆਲ ਕੀਤਾ ਕਿ ਉਸ ਵਾਸਤੇ ਲਿੰਗ ਬਰਾਬਰੀ (gender equality) ਦਾ ਸਿਧਾਂਤ ਕਿਉਂ ਅਹਿਮੀਅਤ ਰੱਖਦਾ ਹੈ ਤਾਂ ਜਵਾਬ ਸੀ, "ਕਿਉਂਕਿ ਇਹ 2015 ਹੈ"।

ਉਪਰੋਕਤ ਸ਼ਬਦ ਵਿਸ਼ਵ ਭਰ ਵਿੱਚ ਦੇ ਮੀਡੀਆ ਵਿੱਚ ਇੰਝ ਛਾ ਗਏ ਸਨ ਜਿਵੇਂ ਕਿਸੇ ਮਹਾਨ ਵਿਅਕਤੀ ਦਾ ਇਤਿਹਾਸਕ ਕਥਨ ਹੋਵੇ। ਪਰ ਕਿਉਂਕਿ ਸਾਲ 2015 ਦੀ ਉਮਰ ਵੱਧ ਤੋਂ ਵੱਧ ਇੱਕ ਹੀ ਸਾਲ ਰਹਿਣੀ ਸੀ, ਟਰੂਡੋ ਹੋਰਾਂ ਦੀ ਔਰਤਾਂ ਨੂੰ ਲੈ ਕੇ ਮਹਾਨਤਾ ਵੀ ਥੋੜ ਚਿਰੀ ਹੀ ਰਹੀ। ਚੇਤੇ ਹੋਵੇਗਾ ਕਿ ਉਹਨਾਂ ਨੂੰ ਪ੍ਰਧਾਨ ਮੰਤਰੀ ਨਿਵਾਸ ਵਿੱਚ ਦਾਖ਼ਲ ਹੋਇਆਂ ਹਾਲੇ ਚੰਦ ਦਿਨ ਹੀ ਗੁਜ਼ਰੇ ਸਨ ਕਿ 'ਔਰਤ ਨੈਨੀਆਂ' ਨੂੰ ਸਰਕਾਰੀ ਖਾਤੇ ਵਿੱਚੋਂ ਤਨਖਾਹ ਦੇਣ ਦਾ ਭਾਂਡਾ ਫੁੱਟ ਪਿਆ ਸੀ।

ਕਿਸੇ ਵੇਲੇ ਟਰੂਡੋ ਹੋਰਾਂ ਇਹ ਇਹ ਬਿਆਨ ਵੀ ਬਹੁਤ ਮਸ਼ਹੂਰ ਹੋਇਆ ਸੀ ਕਿ ਉਹ ਆਪਣੇ ਬੇਟਿਆਂ ਦਾ ਇੰਝ ਪਾਲਣ ਪੋਸ਼ਣ ਕਰੇਗਾ ਕਿ ਉਹ ਵੱਡੇ ਹੋ ਕੇ ਮੇਰੇ ਵਾਗੂੰ ਹੀ 'ਔਰਤ ਪੱਖੀ' (Feminist) ਬਣਨ। ਇਹ ਚੰਗਾ ਉਦੇਸ਼ ਹੈ ਜਿਸ ਬਾਰੇ ਹਰ ਪਿਤਾ ਨੂੰ ਪਹਿਰਾ ਦੇਣ ਦੀ ਲੋੜ ਹੈ ਪਰ ਦੇਸ਼ ਦੇ ਪ੍ਰਧਾਨ ਮੰਤਰੀ ਸਿਰਫ਼ ਗੱਲਾਂ ਨਾਲ ਲੋਕਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ। ਪ੍ਰਧਾਨ ਮੰਤਰੀ ਨੂੰ ਟੋਰਾਂਟੋ ਦੇ ਇੱਕ ਪੱਤਕਰਾਰ ਦੀ ਸਾਲ ਕੁ ਪਹਿਲਾਂ ਕੀਤੀ ਇੱਕ ਟਿੱਪਣੀ ਨੂੰ ਝੂਠਾ ਸਾਬਤ ਕਰਨ ਲਈ ਸਖ਼ਤ ਮਿਹਨਤ ਕਰਨ ਦੀ ਲੋੜ ਹੈ। ਇਸ ਪੱਤਰਕਾਰ ਨੇ ਲਿਖਿਆ ਸੀ ਕਿ ਸਾਡੇ ਪ੍ਰਧਾਨ ਮੰਤਰੀ ਦੀਆਂ ਗੱਲਾਂ "You-tube Puppy Video' ਵਰਗੀਆਂ ਹਨ ਜਿਸਨੂੰ ਵੇਖ ਕੇ ਮਨ ਨੂੰ ਤਾਂ ਛਿਣ ਭਰ ਲਈ ਸੁਆਦ ਆ ਜਾਂਦਾ ਹੈ ਪਰ ਦਿਮਾਗ ਦੀ ਤੱਸਲੀ ਨਹੀਂ ਹੁੰਦੀ। ਇਸਤੋਂ ਪਹਿਲਾਂ ਕਿ ਟਰੂਡੋ ਹੋਰਾਂ ਦੇ ਔਰਤਾਂ ਨੂੰ ਬਰਾਬਰੀ ਦੇਣ ਦੇ ਦਾਅਵੇ ਹੋਰ ਥੋਥੇ ਹੋਣ, ਉਹਨਾਂ ਨੂੰ ਆਪਣੇ ਕੰਮਕਾਜ ਦੇ ਤੌਰ ਤਰੀਕਿਆਂ ਦੀ ਦਿਸ਼ਾ ਬਦਲਣੀ ਹੋਵੇਗੀ।

## ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਜਵਾਬ ਹਾਸਲ ਕਰਨ ਲਈ ਟੋਰੀਜ਼ ਨੇ ਲਾਂਚ ਕੀਤੀ ਮੈਰਾਥਨ ਵੋਟਿੰਗ

...ਪੰਨਾ 1 ਦਾ ਬਾਕੀ

ਕੰਜ਼ਰਵੇਟਿਵਾਂ ਵੱਲੋਂ ਪੇਸ਼ ਮਤੇ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਰੇਅਬੋਲਡ ਨੂੰ ਆਪਣਾ ਪੂਰਾ ਪੱਖ ਰੱਖਣ ਦੇਣ ਦੀ ਖੁੱਲ੍ਹ ਦੇਣ ਦੀ ਮੰਗ ਵੀ ਕੀਤੀ ਗਈ ਸੀ। ਪਰ ਬੁੱਧਵਾਰ ਰਾਤ ਨੂੰ ਇਸ ਮਤੇ ਨੂੰ ਸ਼ਿਕਸਤ ਦੇ ਦਿੱਤੀ ਗਈ। ਇਸ ਤੋਂ ਪਹਿਲਾਂ ਵੀ ਇਸ ਮੁੱਦੇ ਉੱਤੇ ਕੰਜ਼ਰਵੇਟਿਵਾਂ ਤੇ ਐਨਡੀਪੀ ਵੱਲੋਂ ਲਿਆਂਦੇ ਗਏ ਕਈ ਹੋਰਨਾਂ ਮਤਿਆਂ ਨੂੰ ਲਿਬਰਲਾਂ ਵੱਲੋਂ ਨਕਾਰਿਆ ਜਾਂਦਾ ਰਿਹਾ ਹੈ। ਇਸ ਤੋਂ ਬਾਅਦ ਮੈਰਾਥਨ ਵੋਟਿੰਗ ਸ਼ੁਰੂ ਹੋ ਗਈ। ਬੁੱਧਵਾਰ ਸਵੇਰੇ ਆਪਣੇ ਕਾਕਸ ਨੂੰ ਸੰਬੋਧਨ ਕਰਦਿਆਂ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ ਆਖਿਆ ਕਿ ਉਹ ਇਸ ਗੱਲ ਦਾ ਵਾਅਦਾ ਕਰਦੇ ਹਨ ਕਿ ਕੁੱਝ ਵੀ ਉਨ੍ਹਾਂ ਦੇ ਵੱਸ ਵਿੱਚ ਹੋਵੇਗਾ ਉਹ ਕਰਨਗੇ।



ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਜਵਾਬ ਹਾਸਲ ਕਰਨ ਲਈ ਜੋ

**ਪੰਜਾਬੀ ਪੋਸਟ**
**Canadian Punjabi Post**

**Head Office**
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia - Gyan Singh - Angrej Singh
Office Admin Assistant - Priya Sodhi
Marketing Executives - HS Nagpal - Gurpreet Singh Pall -
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਬੈਂਕ 'ਚ 1 ਲੱਖ ਰੁਪਏ ਤੋਂ ਵੱਧ ਜਮ੍ਹਾ ਜਾਂ ਕਢਵਾਉਣ 'ਤੇ ਹੋਵੇਗੀ ਨਿਗਰਾਨੀ, ਫੰਡਜ਼ ਟ੍ਰਾਂਸਫ਼ਰ ਦੀ ਹੋਵੇਗੀ ਜਾਂਚ

ਫਿਰੋਜ਼ਪੁਰ, 20 ਮਾਰਚ (ਗਿਆਨ ਸਿੰਘ): ਪਿਛਲੀ ਤਿੰਨ ਵਿੱਤੀ ਤਿਮਾਹੀ ਦੀਆਂ ਆਰਥਿਕ ਨਤੀਜਿਆਂ ਦਾ ਰੀਵਿਊ ਕਰਨ ਲਈ ਜ਼ਿਲ੍ਹੇ ਦੇ ਸਾਰੇ ਬੈਂਕਾਂ ਦੀ ਡਿਸਟ੍ਰਿਕਟ ਕੰਸਲਟੇਟਿਵ ਕਮੇਟੀ (ਡੀ.ਸੀ.ਸੀ.) ਦੀ ਇੱਕ ਬੈਠਕ ਡਿਪਟੀ ਕਮਿਸ਼ਨਰ ਚੰਦਰ ਗੈਂਦ ਦੀ ਅਗਵਾਈ ਹੇਠ ਹੋਈ। ਡਿਪਟੀ ਕਮਿਸ਼ਨਰ ਨੇ ਸਾਰੇ ਬੈਂਕਾਂ ਦੇ ਮੈਨੇਜਰਾਂ ਨੂੰ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਬੈਂਕ ਟਰਾਂਜੈਕਸ਼ਨ ਤੇ ਸਖ਼ਤ ਨਿਗਰਾਨੀ ਰੱਖਣ ਲਈ ਕਿਹਾ। ਉਨ੍ਹਾਂ ਕਿਹਾ ਕਿ ਕਿਸੇ ਵੀ ਬੈਂਕ ਖਾਤੇ ਵਿੱਚ ਅਚਾਨਕ ਹੋਣ ਵਾਲੀ ਲੈਣ ਦੇਣ ਤੇ ਪੂਰੀ ਨਜ਼ਰ ਰੱਖੀ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਦੋ ਮਹੀਨਿਆਂ ਤੋਂ ਜੇਕਰ ਕਿਸੇ ਬੈਂਕ ਖਾਤੇ 'ਚ ਕੋਈ ਹਲਚਲ ਨਹੀਂ ਹੋਈ ਤੇ ਹੁਣ ਅਚਾਨਕ ਉਸ ਖਾਤੇ 'ਚ ਪੈਸਿਆਂ ਦੀ ਨਿਕਾਸੀ ਜਾਂ ਜਮ੍ਹਾ ਹੋਣਾ ਸ਼ੁਰੂ ਹੋ ਗਿਆ ਹੈ ਤਾਂ ਉਸ ਦੀ ਰਿਪੋਰਟ ਜ਼ਿਲ੍ਹਾ ਚੋਣ ਅਧਿਕਾਰੀ ਦੇ ਦਫ਼ਤਰ ਵਿਖੇ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਿਰਫ਼ ਕੈਸ਼ ਲੈਣ ਦੇਣ ਹੀ ਬਲਕਿ ਆਰ.ਟੀ.ਜੀ.ਐੱਸ ਦੇ ਜਰੀਏ ਇੱਕ ਖਾਤੇ 'ਚ ਦੂਜੇ ਖਾਤੇ 'ਚ ਹੋਣ ਵਾਲੇ ਫ਼ੰਡ



ਦੀ ਵੀ ਨਿਗਰਾਨੀ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਕੰਮ 'ਚ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਚੁਣਾਵ ਲੜ ਰਹੇ ਕਿਸੇ ਵੀ ਉਮੀਦਵਾਰ ਦੇ ਬੈਂਕ ਖਾਤੇ ਵਿੱਚ 1 ਲੱਖ ਤੋਂ ਵੱਧ ਦੀ ਰਾਸ਼ੀ ਜਮ੍ਹਾ ਹੁੰਦੀ ਹੈ ਜਾਂ ਕਢਾਈ ਜਾਂਦੀ ਹੈ ਤਾਂ ਉਸ ਦੀ ਰਿਪੋਰਟ ਤੁਰੰਤ ਰਿਟਰਨਿੰਗ ਅਫ਼ਸਰ ਨੂੰ ਦਿੱਤੀ ਜਾਵੇ। ਉਮੀਦਵਾਰ ਤੋਂ ਇਲਾਵਾ ਕਿਸੇ ਰਾਜਨੀਤਿਕ ਦਲ ਦੇ ਬੈਂਕ ਖਾਤੇ ਵਿੱਚ 1 ਲੱਖ ਤੋਂ ਜ਼ਿਆਦਾ ਲੈਣ ਦੇਣ ਹੁੰਦਾ ਹੈ ਤਾਂ ਉਸ ਦੀ ਨਿਗਰਾਨੀ ਰੱਖੀ ਜਾਵੇ। ਵੋਟਰਾਂ ਨੂੰ ਆਪਣੇ ਵੱਲ ਖਿੱਚਣ ਲਈ ਵਰਤੀ ਜਾਣ ਵਾਲੀ ਰਾਸ਼ੀ ਬਾਰੇ ਵੀ ਜੇਕਰ ਬੈਂਕ ਨੂੰ ਪਤਾ ਲੱਗਦਾ ਹੈ ਤਾਂ ਉਸ ਵੱਲੋਂ ਇਸ ਬਾਰੇ ਜ਼ਿਲ੍ਹਾ ਚੋਣ ਅਫ਼ਸਰ ਦੇ ਧਿਆਨ ਵਿੱਚ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਸਾਰਿਆਂ ਬੈਂਕਾਂ ਨੂੰ ਪਹਿਲਾ ਹੀ ਪ੍ਰੋਫਾਰਮਾ ਦਿੱਤਾ ਜਾ ਚੁੱਕਾ ਹੈ, ਜਿਸ ਨੂੰ ਰੋਜ਼ਾਨਾ ਭਰ ਕੇ ਜ਼ਿਲ੍ਹਾ ਚੋਣ ਅਫ਼ਸਰ ਨੂੰ ਭੇਜਣਾ ਹੁੰਦਾ ਹੈ। ਉਨ੍ਹਾਂ ਬੈਂਕ ਅਧਿਕਾਰੀਆਂ ਨੂੰ ਕਿਹਾ ਕਿ ਚੋਣ ਜ਼ਾਬਤੇ ਦੇ ਮੱਦੇਨਜ਼ਰ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਉਹ ਆਪਣੇ ਬੈਂਕਿੰਗ ਕੈਸ਼ ਵੀ ਆਪਣੇ ਜੀ.ਪੀ.ਐੱਸ. ਈਨੇਬਲਡ ਵਾਹਨਾਂ ਦੁਆਰਾ ਹੀ ਇੱਧਰ ਉੱਧਰ ਕਰਨ।

ਇਸ ਮੌਕੇ ਲੀਡ ਬੈਂਕ ਮੈਨੇਜਰ ਸ਼੍ਰੀ. ਆਰ. ਕੇ. ਗੁਪਤਾ ਨੇ ਡਿਪਟੀ ਕਮਿਸ਼ਨਰ ਚੰਦਰ ਗੈਂਦ ਨੂੰ ਦੱਸਿਆ ਕਿ 31 ਦਸੰਬਰ 2018 ਤੱਕ ਪਹਿਲੀ ਤਿੰਨ ਤਿਮਾਹੀਆਂ ਦਾ ਫਿਰੋਜ਼ਪੁਰ ਦਾ ਸਲਾਨਾ ਕ੍ਰੈਡਿਟ ਪਲਾਨ 53 ਫ਼ੀਸਦੀ ਰਿਹਾ ਹੈ। ਉਨ੍ਹਾਂ ਕਿਹਾ ਕਿ ਐਗਰੀਕਲਚਰ ਸੈਕਟਰ ਨੂੰ ਕਰਜ਼ਾ ਦੇਣ ਦੇ ਜੋ ਨਿਰਧਾਰਿਤ ਟਾਰਗੇਟ ਸੀ, ਉਸ ਦਾ 56 ਫ਼ੀਸਦੀ ਪੂਰਾ ਹੋ ਚੁੱਕਾ ਹੈ। ਐਮ.ਐੱਸ.ਐੱਮ.ਈ. ਸੈਕਟਰ ਲਈ 50 ਫ਼ੀਸਦੀ ਅਤੇ ਹੋਰ ਸੈਕਟਰਾਂ ਲਈ 23 ਫ਼ੀਸਦੀ ਟਾਰਗੇਟ ਪ੍ਰਾਪਤ ਹੋ ਚੁੱਕਿਆ ਹੈ, ਜਦਕਿ ਕੈਸ਼ ਡਿਪੋਜਟ ਵਿੱਚ ਫਿਰੋਜ਼ਪੁਰ ਦੀ ਪਰਫਾਰਮੈਂਸ਼ ਸਭ ਤੋਂ ਵਧੀਆ ਰਹੀ ਹੈ। ਜਿਸ ਵਿੱਚ ਸੀ.ਡੀ. ਰੇਸ਼ੋ ਦੇ 60 ਫ਼ੀਸਦੀ ਟਾਰਗੇਟ ਦੇ ਮੁਕਾਬਲੇ 112 ਫ਼ੀਸਦੀ ਪ੍ਰਾਪਤ ਹੋਇਆ ਹੈ। ਡਿਪਟੀ ਕਮਿਸ਼ਨਰ ਨੇ ਕਰਜ਼ਾ ਵੰਡ 'ਚ ਬੈਂਕਾਂ ਦੀ ਪਰਫਾਰਮੈਂਸ ਦਾ ਰੀਵਿਊ ਕਰਦੇ ਖ਼ਰਾਬ ਪਰਫਾਰਮੈਂਸ ਵਾਲੇ ਬੈਂਕਾਂ ਤੋਂ ਨਾਰਾਜ਼ਗੀ ਵਿਅਕਤ ਕੀਤੀ। ਉਨ੍ਹਾਂ ਕਿਹਾ ਕਿ ਅਗਲੀ ਤਿਮਾਹੀ ਤੱਕ ਇਨ੍ਹਾਂ ਬੈਂਕਾਂ ਦੇ ਨਤੀਜਿਆਂ ਵਿੱਚ ਸੁਧਾਰ ਆਉਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੁੱਝ ਕਿਸਾਨਾਂ ਵੱਲੋਂ ਉਨ੍ਹਾਂ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਸੀ ਕਿ ਕਈ ਬੈਂਕਾਂ ਕੋਲ ਉਨ੍ਹਾਂ ਦੇ ਬਲੈਂਕ ਚੈੱਕ ਰੱਖੇ ਹੋਏ ਹਨ। ਉਨ੍ਹਾਂ ਸਾਰੇ ਬੈਂਕਾਂ ਨੂੰ 26 ਮਾਰਚ ਤੱਕ ਇੱਕ ਸਰਟੀਫਿਕੇਟ ਦੇਣ ਲਈ ਕਿਹਾ, ਜਿਸ ਵਿੱਚ ਲਿਖਿਆ ਹੋਵੇ ਕਿ ਕਿਸੇ ਵੀ ਬੈਂਕ ਕੋਲ ਕਿਸਾਨ ਕ੍ਰੈਡਿਟ ਕਾਰਡ ਸਕੀਮ ਤਹਿਤ ਕਿਸੇ ਵੀ ਕਿਸਾਨ ਦਾ ਬਲੈਂਕ ਚੈੱਕ ਨਹੀਂ ਹੈ। ਇਸ ਮੌਕੇ ਲੀਡ ਬੈਂਕ ਮੈਨੇਜਰ ਆਰ.ਕੇ.ਗੁਪਤਾ, ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਸਹਾਇਕ ਮਹਾਂਪ੍ਰਬੰਧਕ ਬੀ.ਬੀ.ਸ਼ਰਮਾ, ਜ਼ਿਲ੍ਹਾ ਡਿਵੈਲਪਮੈਂਟ ਮੈਨੇਜਰ ਨਬਾਰਡ ਰਾਜੇਸ਼ ਕੁਮਾਰ ਸਮੇਤ ਵੱਖ-ਵੱਖ ਬੈਂਕਾਂ ਤੇ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# The Qualities of a Good Politician in a Democratic Society among the- Hardeep Grewal



**By: Surjit Singh Flora**

A dream doesn't become reality through magic; it takes sweat, determination and hard work, a Self-belief and hard work always earn big success, without hard work, nothing grows but weeds, as well as Without hard work and discipline it is difficult to be a top professional.

But in Hardeep Grewal issue he meets all the "Qualities" because he is a Hard-working, humble young man helps make fair a success, Respectful and responsible, positive and honest Candidate for Brampton South. Whom we can vote on April 6th for the PC party nomination get elected, then on Oct 22nd elect him our humble voice in Ottawa.

Because from the last 3-4 years he invests time and energy to bring the peoples together as a unity, as a huge team. These 3-4 years Imagine that he only went home to sleep for four-five hours a night and gave up all the rest of his personal time to get more work done for the community its Bramptonians for Brampton South, Imagine that he practically lived at your doorstep and worked his tail off to be your representative at the Parliament house in Ottawa .

The Knowledge of the community problems it's magic ingredient to success that fortune comes from a wealthy family, as his Father Jagdish Grewal, who is a well-known in the community and very well aware of not only the Indian community problems but all of us as Canadians problems. So, with his giddiness as plenty of Hardeep's Hard work his highly-education, his talent, the magic ingredient very success and satisfaction for all of us it's "the Canadians". He will be the great captain of the ship, it's Brampton South because he knows which way to sail.

Also Hardeep Knows how to spend every year, every month and every minute of his precious time and save taxpayers money , not only that he also knows when to let other people steer his ship and when to grab the wheel in his hands to get the things done means park his ship at the right time, at the right place.

So, he will be a great voice of Canadians, from Brampton South.

So, Nomination for Brampton South Federal Conservative Riding, Nomination Election is scheduled to be held on Saturday, April 6. This nomination selection will be shown at the Canadian Convention Center on Bramsteele Rd, Brampton near the Gurdwara Sikh Lehar, Brampton, Hardeep Singh Grewal is the main nominee of Canadian born and under-examination in this nomination selection.

Hardeep Grewal has been a real estate broker since the last 6 years. In this profession, he has established big fame at a young age with multi-million-dollar deals. Along with professional success, He is very interested in charity activities, He is very happy about his family life. Hardeep Grewal has been attending childhood with renowned institutions like Guru Gobind Singh Children Foundation and Canadian South Asian Supporting Independent.



Because of his father is in the Media, he always got lucky to meet most of the leaders from federal, provincial and municipality those sits on the high chair since childhood that helps him to build up a great network. Hardeep, who has good relations with every religious community, has been influencing the Conservative Party policies since the beginning and has been supporting the policies by joining this party.

Hardeep is struck down as the president of the Etobicoke Provincial Conservation Review Association at the age of 18 and has been responsible for this post until 2019. This is the premiere Doug Ford's rating. From March 2016 to November 2018 Hardeep has been the regional director of the provincial conservative fundraising team. During his career, Hardeep Grewal has the opportunity to work and meet with former Prime Minister Stephen Harper, Minister Jason Kenney, Premier Dug Ford, and other senior leaders.

The closing deadline for membership for the Brampton South Federal Conservative Riding ended on March 14. During the trial, Hardeep Grewal and his team motivated people in large numbers to become members of the Conservative Party. He expressed gratitude for the hard work done by his entire team and appealed to the Conservative members that on April 6, let's nominate him as our Brampton South Candidate then to be our MP our voice in Ottawa on Oct 22nd. Because he deserves our votes, not because he's working hard, but because of his knowledge and talent, and a great network, aware of our problems, and he's capable of doing and understanding the issues.

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ






ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ
647-998-7500
ਬਲਵਿੰਦਰ

# ਦ੍ਰਿਸਟਿਮਾਨ ਅਖਰ ਹੈ ਜੇਤਾ



-ਕਰਨੈਲ ਸਿੰਘ-



ਦ੍ਰਿਸਟਿਮਾਨ ਅਖਰ ਹੈ ਜੇਤਾ॥ ਨਾਨਕ ਪਾਰਬ੍ਰਹਮ ਨਿਰਲੇਪਾ॥

ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥

ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥੧॥

ਪੰਨਾ ੩੯

ਅਰਥ:- ਬੰਦਾ ਮੁਕਤੀ ਦੀ ਪ੍ਰਾਪਤੀ ਲਈ ਕਈ ਪ੍ਰਕਾਰ ਦੇ ਸ਼ੁਭ ਕਰਮ ਕਰਦਾ ਹੈ। ਪਾਠ ਪੂਜਾ, ਦਾਨ ਪੁੰਨ ਤੀਰਥ ਇਸ਼ਨਾਨ ਆਦਿਕ ਹੋਰ ਕਈ ਤਰ੍ਹਾਂ ਦੇ ਸ਼ੁਭ ਕਰਮ ਕਰਦਾ ਹੈ। ਅਜੇ ਗੁਰੂ ਸਹਿਬ ਕਹਿੰਦੇ ਹਨ, ਕਿ ਦੂਣੀ ਮੈਲ ਹੋਰ ਲੱਗ ਜਾਂਦੀ ਹੈ। ਨਾਮੁ ਤੋਂ ਬਿਨ੍ਹਾਂ ਲਾਭ ਨਹੀਂ, ਗ੍ਰੰਥਾ ਦੇ ਪੜ੍ਹਨ ਨਾਲ ਭੀ ਪਾਪਾਂ ਦੀ ਮੈਲ ਨਹੀਂ ਉਤਰਦੀ। ਗੁਰੂ ਅਮਰ ਦਾਸ ਜੀ ਕਹਿੰਦੇ ਹਨ :- ਜੇ ਕਰ ਸਾਡੇ ਲਿਖੇ ਸ਼ਬਦਾਂ ਤੇ ਸ਼ੰਕਾ ਹੈ ਤਾਂ ਗਿਆਨੀ ਪੁਰਸਾਂ ਨੂੰ ਪੁੱਛ ਕੇ ਦੇਖ ਲਵੋ।

ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ॥

ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ॥ ੨ ॥

ਮ: ੩॥ ਪੰਨਾ ੯੪

ਅਰਥ:- ਸ਼੍ਰੀ ਗੁਰੂ ਅਮਰ ਦਾਸ ਜੀ ਕਥਨ ਕਰਦੇ ਹਨ : ਕੇ ਨਾਮ ਤੋਂ ਬਿਨਾਂ ਪੜਣਾ ਕੂੜ ਝੂਠਾ ਹੈ, ਇਹ ਪਾਠ ਪੂਜਾ ਕਰਮ ਧਰਮ ਵਿਚ ਹੈ, ਰਜੋ, ਸਤੋ, ਤਮੋਂ ਤਿੰਨਾਂ ਗੁਣਾ ਵਿਚ ਹੈ, ਅਜੇ ਮਾਇਆ ਦੇ ਪਿਆਰ ਵਿਚ ਹੋ ਰਹੇ ਨੇਂ ਸਭ ਸਹਿਜ ਪਾਠ,ਅਤੇ ਨਿਤਨੇਮ ਦਾ ਪਾਠ ਵੀ। ਜਿਸ ਦੇ ਪਾਸ ਨਾਮ ਹੈ, ਉਸ ਦਾ ਪਾਠ ਕਰਨਾ ਵੀ ਠੀਕ ਹੈ। ਨਿੱਗੁਰੇ ਪੁਰਖ ਦਾ ਪਾਠ ਕਰਨਾਂ ਝੂਠਾ ਕਿਹਾ ਹੈ। ਨਾਮ ਤੋਂ ਬਿਨਾਂ ਕੋਈ ਦੁਨੀਆਂ ਦੀ ਵਸਤੂ ਥਿੱਰ ਨਹੀਂ ਰਹਿਣ ਵਾਲੀ। ਨਾਮ ਤੋਂ ਬਿਨਾ ਪੜ੍ਹ ਪੜ੍ਹ ਕੇ ਜੂਨੀਆਂ ਵਿਚ ਖੁਆਰ ਹੁੰਦੇ ਹਨ।

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥

ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ॥੧॥

ਭੈਰਉ ਮਹਲਾ ੧॥ ਪੰਨਾ ੧੧੨੭

ਅਰਥ:- ਭਾਵੇਂ ਕੋਈ ਕਿਤਨੇ ਰਾਜਸੂ ਅਤੇ ਅਸ੍ਵਮੇਧ ਜੱਗ ਕਰ ਲਵੇ, ਅੱਗ ਵਿਚ ਹਮਨ ਕਰ ਲਵੇ, ਪੁੰਨ ਦਾਨ ਕਰਕੇ ਦੇਖ ਲਵੇ। ਧੂਣੇਂ ਤਪਾ ਕੇ ਦੇਖ ਲਵੇ, ਏਨ੍ਹਾ ਕਰਮਾ ਧਰਮਾਂ ਨਾਲ ਦੇਹ ਵੀ ਦੁਖੀ ਹੁੰਦੀ ਹੈ, ਅਤੇ ਮਨ ਵੀ ਦੁੱਖੀ ਹੁੰਦਾ ਹੈ। ਅੱਗੇ ਪ੍ਰਲੋਕ ਵਿਚ ਵੀ ਦੁੱਖ ਸਹਾਰਦਾ ਹੈ। ਰਾਮ ਦਾ ਨਾਮ ਜਪੇ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ। ਮੁਕਤੀ ਦੇਣ ਵਾਲਾ ਨਾਮ ਤਾਂ ਗੁਰਮੁਖਿ=ਗੁਰੂ, ਮੁਖਿ=ਮੂੰਹ, ਗੁਰਾਂ ਦੇ ਮੁੱਖ ਤੋਂ ਸ਼ਬਦ=ਨਾਮ ਸੁਣਕੇ ਪ੍ਰਾਪਤ ਹੁੰਦਾ ਹੈ। ਗੁਰਮੁਖ ਲਹੈ ਤੋਂ ਭਾਵ ਗੁਰਾਂ ਤੋਂ ਨਾਮ ਲੈਣਾ ਕਰ।

ਤਥਾ:-ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ॥

ਬਿਨ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ॥

ਅਰਥ:- ਪੁਸਤਕਾਂ ਦੇ ਪਾਠ ਬਿਆਕਰਣ ਦੀਆਂ ਰੀਤਾਂ ਅਨੁਸਾਰ ਕਰਦਾ ਹੋਵੇ ਤਿਕਾਲ=ਤਿੰਨ ਵੇਲੇ ਦੇ ਸੰਧਿਆ ਆਦਿਕ ਕਰਮ ਵੀ ਕਰਦਾ ਹੋਵੇ। ਬਿਨ੍ਹਾਂ ਗੁਰੂ ਦੇ ਸ਼ਬਦ=ਨਾਮ ਤੋਂ ਮੁਕਤੀ ਨਹੀਂ ਪਾ ਸਕਦਾ, ਰਾਮ ਦੇ ਨਾਮੁ ਦੇ ਸਿਮਰਨ ਤੋਂ ਬਿਨ੍ਹਾਂ, ਪਾਠ ਪੂਜਾ ਕਰਮਾਂ ਧਰਮਾਂ ਵਿਚ ਉਰਝ=ਫੱਸ਼ ਕੇ ਮਰ ਜਾਵੇਂਗਾ॥੨॥

ਪਉੜੀ॥ ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ॥

ਅਖਰ ਕਰਿ ਕਰਿ ਬੇਦ ਬੀਚਾਰੇ॥

ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ॥ ਅਖਰ ਨਾਦ ਕਥਨ ਵਖ੍ਹਾਨਾ॥

ਅਖਰ ਮੁਕਤਿ ਜੁਗਤਿ ਭੈ ਭਰਮਾ॥ ਅਖਰ ਕਰਮ ਕਿਰਤਿ ਸੁਚ ਧਰਮਾ॥

ਦ੍ਰਿਸਟਿਮਾਨ ਅਖਰ ਹੈ ਜੇਤਾ॥ ਨਾਨਕ ਪਾਰਬ੍ਰਹਮ ਨਿਰਲੇਪਾ॥੫੪॥

ਪੰਨਾ ੨੬੧

ਅਰਥ:- ਜਿਹੜੇ ਤਿੰਨ ਭਵਨ ਧਾਰੇ=ਧਾਰਨ ਕੀਤੇ ਹਨ, ਸੁਰਗ ਲੋਗ, ਮਾਤ ਲੋਗ, ਪਾਤਾਲ ਲੋਗ, ਇਹ ਤਿੰਨੇ ਅੱਖਰਾਂ ਦੀ ਗਿਣਤੀ ਮਿਣਤੀ ਵਿਚ ਆ ਜਾਂਦੇ ਹਨ। ਅੱਖਰਾਂ ਕਰਕੇ ਹੀ ਵੇਦਾਂ ਦੀ ਵਿਚਾਰ ਹੁੰਦੀ ਹੈ। ਜਿਤਨੇ ਸਾਸਤ੍ਰ, ਸਿੰਮਰਤੀਆਂ ਪੁਰਾਨ ਸੱਭ ਅੱਖਰਾਂ ਵਿਚ ਹਨ। ਨਾਦ=ਵਾਜਿਆਂ ਦਾ ਵਜਾਉਣਾ ਵਿਖਿਆਨਾਂ ਦਾ ਕਰਨਾ ਭਾਵ ਕਥਾ ਵਾਰਤਾ ਸਭ ਅੱਖਰਾਂ ਵਿਚ ਹੈ। ਇਨ੍ਹਾਂ ਅੱਖਰਾਂ ਵਿਚ ਮੁਕਤੀ, ਜੁਗਤੀ, ਭੈ ਭਰਮ ਬਣਿਆਂ ਰਹਿੰਦਾ ਹੈ। ਭੈ=ਡਰ ਜਮਾਂ ਦਾ, ਭਰਮ=ਭੁਲੇਖਾ ਬਣਿਆਂ ਰਹਿੰਦਾ ਹੈ। ਕਰਮ ਤੋਂ ਭਾਵ ਸ਼ੁਭ ਕਰਮ ਕਿਰਤ ਕਰਨੀ, ਸੁਚ ਪਵਿਤ੍ਰਤਾ, ਧਰਮ ਸਭ ਅੱਖਰਾਂ ਵਿਚ ਹੈ।

ਦ੍ਰਿਸਟਿ ਮਾਨ ਅਖਰ ਹੈ ਜੇਤਾ॥ ਨਾਨਕ ਪਰਬ੍ਰਹਮ ਨਿਰਲੇਪਾ॥੫੪॥

ਅਰਥ:- ਜਿਨਾਂ ਵੀ ਦ੍ਰਿਟੀਮਾਨ=ਸੰਸਾਰ ਦੇਖਣ ਵਿਚ ਆਉਂਦਾ ਹੈ, ਇਹ ਸਾਰਾ ਅੱਖਰਾਂ ਵਿਚ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:- ਪਾਰਬ੍ਰਹਮ ਇਨ੍ਹਾਂ ਅੱਖਰਾਂ ਤੋਂ ਨਿਰਲੇਪ ਹੈ। ਨੋਟ:- ਇਸ ਪਉੜੀ ਵਿਚ ਸਤ ਦਫਾ ਅਖਰ ਸ਼ਬਦ ਆਇਆ ਹੈ, ਪਰ ਗੁਰੂ ਜੀ ਕਹਿੰਦੇ ਹਨ ਇਨ੍ਹਾਂ ਅੱਖਰਾਂ ਨਾਲ ਪੜ੍ਹ ਪੜ੍ਹ ਕੇ ਕਥਾ ਵਾਰਤਾ ਕਰਕੇ ਸੁਣ ਕੇ ਅਜੇ ਭੈ ਅਤੇ ਡਰ ਬਣਿਆ ਰਹਿੰਦਾ ਹੈ, ਇਸ ਤੋਂ ਉਪਰਲੇ ਸਲੋਕ ਵਿਚ ਅਖਰੁ ਸ਼ਬਦ ਆਇਆ ਹੈ। ਅਖਰ=ਖਿਰ ਜਾਂਦਾ ਹੈ ਪਾਣੀ ਵਿਚ, ਅੱਗ ਵਿਚ ਸੜ ਜਾਂਦਾ ਹੈ ਅਖਰ ਤੋਂ ਭਾਵ ਚੋਰ ਵੀ ਗ੍ਰੰਥਾਂ ਨੂੰ ਚੁਰਾ ਲੈਂਦੇ ਹਨ, ਪਰ ਅਖਰੁ ਸ਼ਬਦ ਦੇ ਪੈਰ ਵਿਚ, ਰਾਰੇ ਦੇ ਪੈਰ ਵਿਚ ਉਂਕੜ ਹੈ, ਉਂਕੜ ਲਗਣ ਕਰਕੇ ਇਹ ਖਿਰਨ ਤੋਂ ਰਹਿਤ ਹੈ, ਪਹਿਲੇ ਸੱਤ ਦਫਾ ਅਖਰ ਲਿਖਿਆ ਹੈ, ਕਿਸੇ ਅਖਰ ਦੇ ਪੈਰ ਵਿਚ ਉਂਕੜ ਨਹੀਂ ਲੱਗਿਆ, ਅੱਠਵੇਂ ਅੱਖਰ ਦੇ ਪੈਰ ਵਿਚ ਉਂਕੜ ਹੋਣ ਕਰਕੇ ਉਹ ਖਰਦਾ ਨਹੀਂ ਪਾਣੀ ਵਿਚ, ਉਹ ਕੀ ਹੈ ਪਰਮਾਤਮਾ ਦਾ ਨਾਮ, ਵਹਿਗੁਰੂ ਗੁਰੂ ਮੰਤ੍ਰ ਹੈ ਜਪ ਹਉਮੈਂ ਖੋਈ। ਭਾਈ ਗੁਰਦਾਸ ਜੀ ।

ਤਥਾ: ਏਕ ਅਖਰੁ ਹਰ ਮਨਿ ਬਸਤ ਨਾਨਕ ਹੋਤ ਨਿਹਾਲ॥੧॥

ਪੰਨਾ ੨੬੧॥

ਇਸ ਅੱਖਰ ਸ਼ਬਦ ਨੂੰ, ਨਾ ਖਿਰਨ ਵਾਲਾ ਕਿਹਾ ਹੈ।

ਜਿਹੜੇ ਮਾਈ ਭਾਈ ਇਸ ਨਾ ਖਿਰਨ ਵਾਲੇ ਵਹਿਗੁਰੂ ਗੁਰਮੰਤ੍ਰ ਦਾ ਸਿਮਰਨ ਕਰਨਗੇ, ਨਾਨਕ ਹੋਤ ਨਿਹਾਲ। ਨਿਹਾਲ ਹੋ ਜਾਣਗੇ।

ਤਥਾ: ਕਹੁ ਕਬੀਰ ਅਖਰ ਦੁਇ ਭਾਖਿ॥ ਹੋਇਗਾ ਖਸਮੁ ਤ ਲੇਇਗਾ ਰਾਖਿ॥੩॥

ਪੰਨਾ ੩੨੯

ਅਰਥ:- ਕਬੀਰ ਜੀ ਕਹਿੰਦੇ ਹਨ:- ਤੁਸੀਂ ਦੋ ਅੱਖਰ ਰਾਮ ਸ਼ਬਦ ਉਚਾਰਨ ਕਰੋ, ਜੋ ਦੋ ਅੱਖਰ ਰਾਮ ਦਾ ਨਾਮੁ ਰਾਮਾਂ ਨੰਦ ਜੀ ਨੇ ਕਬੀਰ ਜੀ ਨੂੰ ਦਿੱਤਾ ਸੀ, ਉਹਨਾਂ ਦੋ ਅੱਖਰਾਂ ਦਾ ਪਰਚਾਰ ਕਬੀਰ ਜੀ ਨੇ ਕੀਤਾ ਹੈ।

ਤਥਾ:- ਕਬੀਰ ਪਰਭਾਤੇ ਤਾਰੇ ਖਿਸਹਿ ਤਿਉ ਇਹੁ ਖਿਸੈ ਸਰੀਰੁ॥

ਏ ਦੁਇ ਅਖਰ ਨਾ ਖਿਸਹਿ ਸੋ ਗਹਿ ਰਹਿਓ ਕਬੀਰੁ॥

ਪੰਨਾ ੧੩੭੩

ਅਰਥ:- ਕਬੀਰ ਜੀ ਲਿਖਦੇ ਹਨ:- ਜਿਵੇਂ ਸੂਰਜ ਦੇ ਚੜਨ ਨਾਲ ਤਾਰੇ ਅਲੋਪ ਹੋ ਜਾਂਦੇ ਹਨ, ਇਸੇ ਤਰ੍ਹਾਂ ਲ੍ਹਾੜੀ ਮੋਤ ਦੇ ਆਉਣ ਤੇ ਸਰੀਰ ਖਿਸਕ ਜਾਣਾ ਹੈ। ਇਹ ਦੋ ਅੱਖਰ=ਰਾਮ=ਨਹੀਂ ਖਿਸਕਦੇ, ਜਿਹੜੇ ਦੋ ਅੱਖਰ ਮੈਂ ਗੁਰੂ ਰਾਮਾ ਨੰਦ ਜੀ ਤੋਂ ਸੁਣ ਕੇ ਹਿਰਦੇ ਵਿਚ ਗਹਿ ਰਖੇ ਹਨ।

ਤਥਾ: ਕਬੀਰ ਸੰਸਾ ਦੂਰਿ ਕਰੁ ਕਾਗਦ ਦੇਹ ਬਿਹ-ਾਇ॥

ਬਾਵਨ ਅਖਰ ਸੋਧਿ ਕੈ ਹਰਿ ਚਰਨੀ ਚਿਤੁ ਲਾਇ॥

ਪੰਨਾ ੧੩੭੩)

ਅਰਥ :- ਕਬੀਰ ਜੀ ਕਿਸੇ ਪੰਡਿਤ ਨੂੰ ਸਮਝਾਂਦੇ ਹਨ, ਹੇ ਪੰਡਿਤ ਤੂੰ ਇਨ੍ਹਾਂ ਧਾਰਮਿਕ ਸਾਸਤ੍ਰਾਂ ਨੂੰ ਬਿਹਾਇ=ਪਾਣੀ ਵਿਚ ਰੋੜ ਦੇਹ ਬਹਾ ਦੇਹ। ਸੰਸਕ੍ਰਿਤ ਦੇ 52 ਅੱਖਰਾਂ ਨੂੰ ਸੋਧ ਕੇ ਹਰੀ ਦੇ ਚਰਨਾਂ ਵਿਚ ਚਿਤ ਲਾ ਕੇ=ਰਾਮ ਰਾਮ ਦਾ ਸਿਮਰਨ ਕਰ।

ਤਥਾ: ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥੧॥

ਗਉੜੀ ਕਬੀਰ ਜੀਉ॥ ਪੰਨਾ ੩੪੦

ਅਰਥ:- ਕਬੀਰ ਜੀ ਕਥਨ ਕਰਦੇ ਹਨ : ਇਹ ਗ੍ਰੰਥਾਂ ਰੂਪੀ ਅਖਰ ਖਿਰ ਜਾਣਗੇ, ਪ੍ਰਮਾਤਮਾਂ ਨੂੰ ਮਿਲਾਨ ਵਾਲੇ ਅਖਰ ਗ੍ਰੰਥਾਂ ਵਿਚ ਨਹੀਂ ਹਨ। ਗੁਰੂ ਰਾਮ ਦਾਸ ਜੀ ਪ੍ਰਮਾਤਮਾਂ ਤੋਂ ਨਾਮ ਮੰਗਦੇ ਹਨ।

ਮੇਰੇ ਮੀਤ ਗੁਰਦੇਵ ਮੋਕਉ ਰਾਮ ਨਾਮੁ ਪਰਗਾਸਿ॥

ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ॥੧॥

ਗੁਜਰੀ ਮ: ੪॥ ਪੰਨਾ ੪੯੨

ਅਰਥ:- ਗੁਰੂ ਜੀ ਪ੍ਰਮਾਤਮਾ ਨੂੰ ਕਹਿੰਦੇ ਹਨ, ਹੇ ਮੇਰੇ ਮਿਤਰ ਗੁਰੂ ਦੇਵ ਜੀ, ਮੈਨੂੰ ਰਾਮ ਦਾ ਨਾਮ ਪ੍ਰਕਾਸ਼ ਕਰ ਦਿਓ। ਗੁਰੂ ਸਿਖਿਆ

ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ॥

ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ॥

ਸੋਰਠਿ ਮਹਲਾ ੪॥ ਪੰਨਾ ੬੦੬

ਅਰਥ:- ਮੇਰਾ ਪਿਆਰਾ ਪ੍ਰਮਾਤਮਾ ਆਪੇ ਗੋਪੀ=ਰਾਧਕਾ ਰੂਪ ਹੈ, ਆਪ ਹੀ ਕਾਨੁ=ਕ੍ਰਿਸ਼ਨ ਰੂਪ ਧਾਰਨ ਕੀਤਾ ਹੈ। ਆਪੇ ਹੀ ਬਨਿ=ਬਨਾਂ ਵਿਚ ਗਊਆਂ ਨੂੰ ਘਾਹ ਚਰਾਉਂਦਾ ਹੈ। ਪਿਆਰਾ ਆਪ ਹੀ ਸਾਵਲੇ ਰੰਗ ਵਾਲਾ ਹੈ। ਆਪ ਹੀ ਪਿਆਰਾ ਵੰਸੁ ਬੰਸਰੀ ਵਜਾਓਂਦਾ ਹੈ।

ਕੁਵਲੀਆਪੀੜੁ ਆਪਿ ਮਰਾਇਦਾ ਪਿਆਰਾ ਕਰਿ ਬਾਲਕ ਰੂਪਿ ਪਚਾਹਾ॥

ਪੰਨਾ ੬੦੬

ਅਰਥ:- ਸ਼੍ਰੀ ਗੁਰੂ ਰਾਮ ਦਾਸ ਜੀ ਕਥਨ ਕਰਦੇ ਹਨ:- ਮੇਰਾ ਪਿਆਰਾ ਪ੍ਰਭੂ ਆਪ ਹੀ ਕੁਵਲੀਆ ਪੀੜ ਹਾਥੀ ਨੂੰ ਬਾਲਕ ਰੂਪ ਧਾਰ ਕੇ ਮਾਰਦਾ ਹੈ।

ਅਰਥ:- ਬਾਲਕ ਤੋਂ ਭਾਵ ਹੈ, ਜਿਸ ਦਿਨ ਕੰਸੁ ਨੂੰ ਮਾਰਨ ਲਈ ਕ੍ਰਿਸ਼ਨ ਜੀ ਮਥਰਾ ਨੂੰ ਚੱਲੇ ਸੀ। ਸਿਰਫ 13 ਸਾਲ ਦੇ ਬਾਲਕ ਸੀ। ਕੁਵਲੀਆਂ ਪੀੜੁ ਰਾਜੇ ਕੰਸ ਦੇ ਮੱਦ ਮਸਤ=ਖੁਨੀ ਹਾਥੀ ਦਾ ਨਾਮ ਹੈ। ਜਿਸ ਹਾਥੀ ਨੂੰ ਜੱਗ ਦੀ ਪਹਿਲੀ ਡਿਓਢੀ ਤੇ ਖੱੜਾ ਕੀਤਾ ਸੀ, ਕੇ ਕ੍ਰਿਸ਼ਨ ਅਤੇ ਬਲਰਾਮ ਦੋਵਾਂ ਭਰਾਵਾਂ ਨੂੰ ਸਹਿਜੇ ਹੀ ਮਾਰ ਦੇਵੇਗਾ। ਵੱਡੇ ਭਰਾਤਾ ਬਲਰਾਮ ਜੀ ਨੇਂ ਹਾਥੀ ਨੂੰ ਸੁੰਢ ਤੋਂ ਫੜਿਆ ਅਤੇ ਕ੍ਰਿਸ਼ਨ ਜੀ ਨੇ ਪੂੰਛੜ ਤੋਂ ਫੜ ਕੇ ਚੰਗਾ ਯੁਧ ਮਚਾ ਕੇ ਕੁਬਲੀਆ ਪੀੜੁ ਹਾਥੀ ਨੂੰ ਮਾਰ ਕੇ, ਦੋਵੇਂ ਭਰਾ ਡਿਓਢੀ ਵਿਚ ਪ੍ਰਵੇਸ਼ ਕਰ ਗਏ। ਜਿੱਥੇ ਮੱਲਾਂ ਦਾ ਅਖਾੜਾ ਰਚਿਆ ਸੀ। ਜਿੱਥੇ ਕ੍ਰਿਸ਼ਨ ਜੀ ਨੇ ਚੰਡੂਰ ਪਹਿਲਵਾਨ ਨੂੰ ਘੋਲ ਕਰਕੇ ਮਾਰ ਦਿੱਤਾ। ਬਲਰਾਮ ਜੀ ਨੇ ਮੁਸਟਕ ਪਹਿਲਵਾਨ ਨੂੰ ਮਾਰਿਆ।

ਆਪਿ ਅਖਾੜਾ ਪਾਇਦਾ ਪਿਆਰਾ ਕਰਿ ਵੇਖੈ ਆਪਿ ਚੋਜਾਹਾ॥

ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰੁ ਕੰਸੁ ਕੇਸੁ ਮਾਰਾਹਾ॥

ਪੰਨਾ ੬੦੬

ਅਰਥ:- ਗੁਰੂ ਰਾਮ ਦਾਸ ਜੀ ਕਹਿੰਦੇ ਹਨ:- ਮੇਰਾ ਪਿਆਰਾ ਪ੍ਰਮਾਤਮਾ ਆਪ ਹੀ ਮੱਲਾਂ ਦੇ ਅਖਾੜੇ ਰਚਦਾ ਹੈ ਅਤੇ ਆਪ ਹੀ ਆਪਣੇ ਚੋਜਾਹਾ=ਚੋਜਾਂ ਨੂੰ ਆਪ ਹੀ ਦੇਖਦਾ ਹੈ। ਉਹ ਪਿਆਰਾ ਪ੍ਰਮਾਤਮਾ ਬਾਲਕ ਰੂਪ=ਕ੍ਰਿਸ਼ਨ ਹੋਕੇ ਕੰਸ ਰਾਜੇ, ਆਪਣੇ ਸੱਕੇ ਮਾਮੇਂ ਦੇ ਪਹਿਲਵਾਨਾਂ ਨੂੰ ਮਾਰਦਾ ਹੈ। ਕ੍ਰਿਸ਼ਨ ਜੀ ਨੇਂ ਚੰਡੂਰ ਨੂੰ ਮਾਰਿਆ ਸੀ। ਕ੍ਰਿਸ਼ਨ ਜੀ ਦੇ ਵੱਡੇ ਭਰਾਤਾ ਨੇਂ ਮੁਸਟਕ-ਨਾਮੀਂ ਪਹਿਲਵਾਨ ਨੂੰ ਮਾਰਿਆ ਸੀ। ਪਹਿਲਵਾਨ ਨੂੰ ਮਾਰਿਆ ਤਾਂ ਜਿੱਥੇ ਕੰਸੁ ਉਚੇ ਤੱਖਤ ਤੇ ਬੈਠਕੇ ਮਲਾਂ ਦੇ ਘੋਲ ਵੇਖਦਾ ਸੀ, ਕ੍ਰਿਸ਼ਨ ਜੀ ਉਛਲਕੇ ਉਥੇ ਜਾ ਚੜ੍ਹੇ, ਕੇਸਾ ਤੋਂ ਫੜ ਕੇ ਜਮੀਨ ਤੇ ਪਟਕਾਕੇ ਮਾਰਿਆ ਪ੍ਰਾਣ ਪੰਖੇਰੂ ਉਡ ਗਏ। ਫੇਰ ਵੀ ਕੰਸੁ ਨੂੰ ਜੀਅ ਦਾਨ ਦੇ ਦਿੱਤਾ। ਭਾਵ ਚਰਾਸੀ ਦਾ ਚੱਕਰ ਕੱਟ ਦਿੱਤਾ ਮੁਕਤੀ ਦੇ ਦਿੱਤੀ।

ਆਪੇ ਹੀ ਬਲੁ ਆਪਿ ਹੈ ਪਿਆਰਾ ਬਲੁ ਭੰਨੈ ਮੂਰਖ ਮੁਗਧਾਹਾ॥੩॥

ਅਰਥ:- ਪਿਆਰਾ ਪ੍ਰਮਾਤਮਾ ਆਪ ਹੀ ਬਲ ਰੂਪ ਹੈ। ਆਪ ਹੀ ਮੂਰਖਾਂ ਵਿਚ ਬਲ ਪਾਉਂਦਾ ਹੈ, ਆਪ ਹੀ ਮੂਰਖਾਂ ਦੇ ਬਲ ਨੂੰ ਭੰਨਦਾ ਹੈ।

ਤਥਾ:- ਕੇਸੀ ਕੰਸ ਮਥਨੁ ਜਿਨਿ ਕੀਆ॥ ਜੀਅ ਦਾਨੁ ਕਾਲੀ ਕਉ ਦੀਆ॥

ਪ੍ਰਣਵੈ ਨਾਮਾਐਸੋ ਹਰੀ॥ ਜਾਸੁ ਜਪਤ ਭੈ ਅਪਦਾ ਟਰੀ॥੪॥

ਪੰਨਾ ੮੭੪

ਅਰਥ:- ਜਿਸ ਭਗਵਾਨ ਨੇ ਕੇਸੀ ਦੈਂਤ ਤੇ ਕੰਸ ਰਾਜੇ ਨੂੰ ਕੇਸਾਂ ਤੋਂ ਫੜ ਕੇ ਮਾਰਿਆ ਅਤੇ ਕਾਲੀ ਨਾਗ(ਸੱਪ) ਨੂੰ ਜਮਨਾ ਨਦੀ ਵਿਚ ਚੰਗੀ ਤਰਾਂ ਉਸ ਦੇ ਬਹੁਤ ਸਾਰੇ ਸਿਰਾਂ=ਫਣਾਂ ਨੂੰ ਆਪਣੇ ਪੈਰਾਂ ਨਾਲ ਮਿਧਿਆ, ਆਖਰ ਉਸ ਨੂੰ ਜੀਵਨ ਦਾਨ ਦੇ ਦਿੱਤਾ, ਮਾਰਿਆ ਨਹੀਂ, ਜਮਨਾ ਚੋਂ ਕੱਢ ਕੇ ਸਮੁੰਦਰ ਵਿਚ ਭੇਜ ਦਿੱਤਾ। ਨਾਮ ਦੇਵ ਜੀ ਕਹਿੰਦੇ ਹਨ, ਕ੍ਰਿਸ਼ਨ ਭਗਵਾਨ ਐਸਾ ਹੈ ਜਿਸ ਨੂੰ ਜਪਦਿਆਂ ਭੈ-ਬਿਪਤਾ ਟਲ ਜਾਂਦੀ ਹੈ।

## ਹਿੰਦੁਸਤਾਨ ਦਾ ਆਖਰੀ ਪਾਕਿਸਤਾਨੀ

-ਵੀਣਾ ਭਾਟੀਆ-

ਖੁਸ਼ਵੰਤ ਸਿੰਘ ਦੀ ਖੁਸ਼ ਨਸੀਬੀ ਸੀ ਕਿ ਉਹ ਉਸ ਹਿੰਦੁਸਤਾਨ ਵਿੱਚ ਪੈਦਾ ਹੋਏ ਜਿਥੇ ਮੁਸਲਮਾਨਾਂ, ਹਿੰਦੂਆਂ, ਸਿੱਖਾਂ, ਯਹੂਦੀਆਂ, ਪਾਰਸੀਆਂ ਤੇ ਈਸਾਈਆਂ ਦੀ ਗੰਗਾ ਜਮਨੀ ਤਹਿਜ਼ੀਬ ਸੀ। ਉਹ ਬ੍ਰਿਟਿਸ਼ ਸਾਮਰਾਜ ਦਾ ਅਜਿਹਾ ਦੌਰ ਸੀ, ਜਦੋਂ ਇਕ ਪਾਸੇ ਗਰੀਬ ਤੇ ਪਿਛੜੇ ਹੋਏ ਆਪਣੀ ਆਜ਼ਾਦੀ ਲਈ ਆਵਾਜ਼ ਚੁੱਕਣ ਵਾਲੇ ਹਿੰਦੁਸਤਾਨੀ ਸਨ, ਜਿਨ੍ਹਾਂ ਦੀ ਜ਼ਿੰਦਗੀ ਸੰਘਰਸ਼ਾਂ ਨਾਲ ਭਰੀ ਹੋਈ ਸੀ, ਉਥੇ ਰੱਜੇ ਪੁੱਜੇ ਲੋਕ ਵੀ ਬੇਥੇਰੇ ਸਨ। ਬੇਹੱਦ ਅਮੀਰ ਖਾਨਦਾਨ ਨਾਲ ਸਬੰਧ ਦੇ ਬਾਵਜੂਦ ਖੁਸ਼ਵੰਤ ਸਿੰਘ ਅਮੀਰੀ ਅਤੇ ਗਰੀਬੀ ਦੇ ਇਨ੍ਹਾਂ ਪਾੜਿਆਂ ਪ੍ਰਤੀ ਬਹੁਤ ਸੰਵੇਦਨਸ਼ੀਲ ਸਨ। ਉਨ੍ਹਾਂ ਦੀ ਹਮਦਰਦੀ ਥੁੜਾਂ ਔੜਾਂ ਝੱਲਦੇ ਤੇ ਗਰੀਬ ਤਬਕਿਆਂ ਪ੍ਰਤੀ ਸੀ, ਜੋ ਕਿਸੇ ਵੀ ਰਚਨਾਕਾਰ ਦੀ ਸੁਭਾਅ ਸਬੰਧਤ ਵਿਸ਼ੇਸ਼ਤਾ ਹੁੰਦੀ ਹੈ।

ਖੁਸ਼ਵੰਤ ਸਿੰਘ ਦਾ ਮੰਨਣਾ ਸੀ ਕਿ ਹਰ ਸਿੱਖ ਦਾ ਇਹ ਫਰਜ਼ ਹੈ ਕਿ ਉਹ ਬਾਬਾ ਫਰੀਦ ਦੇ ਕਲਾਮ ਦੀ ਉਸੇ ਤਰ੍ਹਾਂ ਹਿਫਾਜ਼ਤ ਕਰੇ ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਹੁੰਦੀ ਹੈ। ਉਹ ਜਾਣਦੇ ਸਨ ਕਿ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦੀ ਨੀਂਹ ਮੀਆਂ ਮੀਰ ਦੇ ਹੱਥੋਂ ਰੱਖਣ ਦੀ ਗੱਲ ਗੁਰੂ ਅਰਜੁਨ ਦੇਵ ਨੇ ਆਖੀ ਸੀ ਅਤੇ ਇਹ ਨੀਂਹ ਮੀਆਂ ਮੀਰ ਅਤੇ ਗੁਰੂ ਅਰਜੁਨ ਦੇਵ ਦੇ ਹੱਥੋਂ ਰੱਖੀ ਗਈ ਸੀ। ਸਿੱਖ ਧਰਮ ਪ੍ਰਤੀ ਖੁਸ਼ਵੰਤ ਸਿੰਘ ਦੀ ਅਟੁੱਟ ਸ਼ਰਧਾ ਇਸ ਤੋਂ ਵੀ ਜ਼ਾਹਿਰ ਹੁੰਦੀ ਹੈ ਕਿ ਉਨ੍ਹਾਂ ਨੇ 'ਸਿੱਖਾਂ ਦਾ ਇਤਿਹਾਸ' ਵਰਗੀ ਹਰਮਨ ਪਿਆਰੀ ਕਿਤਾਬ ਲਿਖੀ। ਤਕਰੀਬਨ ਤਿੰਨ ਦਹਾਕੇ ਪਹਿਲਾਂ ਉਨ੍ਹਾਂ ਨੇ 'ਦਿੱਲੀ' ਨਾਵਲ ਲਿਖਿਆ ਜੋ ਉਸ ਸ਼ਹਿਰ ਨਾਲ ਬੇਪਨਾਹ ਮੁਹੱਬਤ ਬਿਨਾ ਨਹੀਂ ਲਿਖਿਆ ਜਾ ਸਕਦਾ ਸੀ। ਇਹਦੇ ਬਾਰੇ ਉਨ੍ਹਾਂ ਕਿਹਾ ਸੀ ਕਿ ਛੇ ਸਦੀਆਂ ਦੀ ਕਹਾਣੀ ਮੈਂ ਪੰਝੀ ਸਾਲਾਂ ਵਿੱਚ ਲਿਖੀ ਹੈ। ਇਸ ਨਾਵਲ ਨੂੰ ਲਿਖਣ ਲਈ ਉਹ ਦਿੱਲੀ ਦੇ ਬਾਜ਼ਾਰਾਂ, ਗਲੀ ਕੂਚਿਆਂ, ਬਹੁਤ ਸਾਰੀਆਂ ਥਾਵਾਂ ਵੀਰਾਨ ਮਸਜਿਦਾਂ, ਭੁਲਾ ਦਿੱਤੇ ਗਏ ਮਜ਼ਾਰਾਂ ਤੇ ਮੱਠਾਂ 'ਤੇ ਪਤਾ ਨਹੀਂ ਕਿੰਨੀ ਵਾਰ ਗਏ। ਦਿੱਲੀ ਦੀ ਛੇ ਸਦੀਆਂ ਦੀ ਕਹਾਣੀ ਲਿਖ ਕੇ ਉਨ੍ਹਾਂ ਨੇ ਇਸ ਨੂੰ ਪੜ੍ਹਨ ਵਾਲਿਆਂ ਤੋਂ ਇਹ ਆਸ ਕੀਤੀ ਹੈ ਕਿ ਉਹ ਇਸ ਸ਼ਹਿਰ ਦੀ ਰੂਹ ਨੂੰ ਪਛਾਣਨ, ਇਹ ਜਾਣਨ ਕਿ ਇਥੇ ਲਹੂ ਦੇ ਕਿੰਦਾਂ ਦੇ ਦਰਿਆ ਵਗੇ। ਦਿੱਲੀ ਵਿੱਚ ਨਾਦਰ ਸ਼ਾਹ ਦੀ ਫੌਜ ਦੇ ਹੱਥੋਂ ਹੋਏ ਕਤਲੇਆਮ ਤੋਂ ਬਾਅਦ ਤਵਾਈਫ ਨੂਰਬਾਈ ਨਾਦਰ ਸ਼ਾਹ ਨੂੰ ਪੁੱਛਣ ਦੀ ਜੁਰਅੱਤ ਕਰਦੀ ਹੈ, 'ਹਜ਼ੂਰ, ਤੁਸੀਂ ਏਨੇ ਕਤਲ ਕਰ ਦਿੱਤੇ, ਪਰ ਕਿਉਂ?' ਨਾਦਰ ਸ਼ਾਹ ਨੀਵੀਂ ਪਾ ਲੈਂਦਾ ਹੈ। ਨਾਵਲ ਵਿੱਚ ਕਦੇ ਨਾਦਰਸ਼ਾਹੀ, ਕਦੇ ਗੋਰਾਸ਼ਾਹੀ, ਕਦੇ ਮਹਾਤਮਾ ਗਾਂਧੀ ਦੇ ਕਤਲ ਅਤੇ ਕਦੇ ਇੰਦਰਾ ਗਾਂਧੀ ਦੇ ਕਤਲ ਦੀ ਗੱਲ ਕੀਤੀ ਗਈ ਹੈ। ਖੁਸ਼ਵੰਤ ਸਿੰਘ ਆਖਰੀ ਸਾਹ ਤੱਕ ਇਨਸਾਨ ਅਤੇ ਇਨਸਾਨੀਅਤ ਦੀ ਖੋਜ ਵਿੱਚ ਰਹੇ।

ਖੁਸ਼ਵੰਤ ਸਿੰਘ ਦਾ ਜਨਮ 15 ਅਗਸਤ 1915 ਨੂੰ ਲਹਿੰਦੇ ਪੰਜਾਬ (ਜਿਹੜਾ ਅੱਜ ਪਾਕਿਸਤਾਨ ਵਿੱਚ ਹੈ) ਦੇ ਪ੍ਰਸਿੱਧ ਧਨਾਢ ਸਰ ਸੋਭਾ ਸਿੰਘ ਦੇ ਘਰ ਹੋਇਆ। 1920 ਦੇ ਨੇੜੇ ਤੇੜੇ ਇਹ ਦਿੱਲੀ ਵਿੱਚ ਵਸ ਗਏ। ਖੁਸ਼ਵੰਤ ਸਿੰਘ ਦੀ ਸਕੂਲੀ ਪੜ੍ਹਾਈ ਲਾਹੌਰ ਤੇ ਦਿੱਲੀ ਵਿੱਚ ਹੋਈ। 1934 ਵਿੱਚ ਲੰਡਨ ਦੇ ਕਿੰਗਜ਼ ਕਾਲਜ ਤੋਂ ਉਨ੍ਹਾਂ ਕਾਨੂੰਨੀ ਪੜ੍ਹਾਈ ਪੂਰੀ ਕੀਤੀ। ਤਿੰਨ ਸਾਲ ਬਾਅਦ ਬੈਰਿਸਟਰ ਬਣੇ, ਪਰ ਬੈਰਿਸਟਰੀ ਦੀ ਜਗ੍ਹਾ ਲੇਖਨ ਤੇ ਪੱਤਰਕਾਰੀ ਦੇ ਖੇਤਰ ਵਿੱਚ ਆ ਗਏ। ਖੁਸ਼ਵੰਤ ਸਿੰਘ ਨੂੰ ਮੌਤ ਨੇ 99 ਉੱਤੇ ਆਊਟ ਕੀਤਾ। ਪੰਜਾਬ ਦਾ ਪੁੱਤਰ, ਜਿਸ ਨੇ ਵੰਡ ਦੇ ਖੰਜਰ ਨਾਲ ਆਪਣੇ



ਸ਼ਹਿਰਾਂ, ਕਸਬਿਆਂ ਨੂੰ ਉਜੜਦਿਆਂ ਦੇਖਿਆ ਸੀ, ਉਸੇ ਦੇ ਕੌੜੇ ਅਨੁਭਵ ਲੈ ਕੇ ਉਨ੍ਹਾਂ ਨੇ 'ਟ੍ਰੇਨ ਟੂ ਪਾਕਿਸਤਾਨ' ਨਾਵਲ ਲਿਖਿਆ। ਆਜ਼ਾਦੀ ਨੂੰ ਉਹ ਜਿਸ ਪੱਖ ਤੋਂ ਦੇਖਦੇ ਸਨ, ਉਸ ਬਾਰੇ ਇਸ ਨਾਵਲ ਦਾ ਇਕ ਪਾਤਰ ਕੌੜਾ ਸੱਚ ਬੋਲਦਾ ਹੈ- 'ਆਜ਼ਾਦੀ ਪੜ੍ਹੇ ਲਿਖੇ ਲੋਕਾਂ ਲਈ ਹੈ, ਜਿਨ੍ਹਾਂ ਨੇ ਇਹਦੇ ਲਈ ਲੜਾਈ ਲੜੀ। ਅਸੀਂ ਅੰਗਰੇਜ਼ਾਂ ਦੇ ਗੁਲਾਮ ਸਾਂ। ਅੱਜ ਅਸੀਂ ਪੜ੍ਹੇ ਲਿਖੇ ਹਿੰਦੁਸਤਾਨੀਆਂ ਦੇ ਗੁਲਾਮ ਹੋਵਾਂਗੇ।'

ਆਪਣੀ ਜਨਮ ਭੋਇੰ ਨਾਲ ਖੁਸ਼ਵੰਤ ਸਿੰਘ ਨੂੰ ਬੇਹੱਦ ਮੁਹੱਬਤ ਸੀ। ਇਸ ਦੇ ਬਾਵਜੂਦ ਉਨ੍ਹਾਂ ਨੂੰ ਲਾਹੌਰ ਤੇ ਪੰਜਾਬ ਛੱਡਣ ਨੂੰ ਮਜਬੂਰ ਕਰ ਦਿੱਤਾ ਗਿਆ। ਉਹ ਹਮੇਸ਼ਾ ਲਾਹੌਰ ਨੂੰ ਚੇਤੇ ਕਰਦੇ ਰਹੇ ਅਤੇ ਆਪਣੇ ਦੋਸਤ ਮੰਜ਼ੂਰ ਕਾਦਿਰ ਨੂੰ ਵੀ ਜੋ ਬਾਅਦ ਵਿੱਚ ਪਾਕਿਸਤਾਨ ਦੇ ਵਿਦੇਸ਼ ਮੰਤਰੀ ਬਣੇ। ਕੁੱਰਤੁਲਐਨ ਹੈਦਰ ਨੇ ਲਿਖਿਆ ਹੈ ਕਿ ਇਕੇਰਾਂ ਜਦੋਂ ਮਿਸੇਜ਼ ਕਾਦਿਰ ਦਿੱਲੀ ਆਏ ਤਾਂ ਖੁਸ਼ਵੰਤ ਸਿੰਘ ਏਨੇ ਖੁਸ਼ ਹੋਏ ਕਿ ਉਨ੍ਹਾਂ ਨੇ 'ਇਲੱਸਟ੍ਰੇਟਡ ਵੀਕਲੀ' ਦੇ ਇਕ ਕਾਲਮ ਦੇ ਸਾਰੇ ਸਟਾਫ ਨੂੰ ਛੁੱਟੀ ਦੇ ਦਿੱਤੀ ਅਤੇ ਉਨ੍ਹਾਂ ਨੂੰ ਦਿੱਲੀ ਦੀ ਸੈਰ ਕਰਾਉਣ ਲੈ ਗਏ। ਹਿੰਦੁਸਤਾਨ ਵਿੱਚ ਖੁਸ਼ਵੰਤ ਸਿੰਘ ਹਰਮਨ ਪਿਆਰਤਾ ਦੇ ਸਿਖਰ 'ਤੇ ਤਾਂ ਸਨ ਹੀ, ਪਾਕਿਸਤਾਨ ਵਿੱਚ ਵੀ ਉਨ੍ਹਾਂ ਦੇ ਚਾਹੁਣ ਵਾਲੇ ਘੱਟ ਨਹੀਂ ਸਨ।

20 ਮਾਰਚ 2014 ਨੂੰ ਜਦੋਂ ਉਨ੍ਹਾਂ ਦਾ ਦੇਹਾਂਤ ਹੋਇਆ ਤਾਂ ਪਾਕਿਸਤਾਨ ਦੇ ਇਕ ਅਖਬਾਰ ਨੇ ਸੁਰਖੀ ਲਾਈ ਸੀ 'ਹਿੰਦੁਸਤਾਨ ਦੀ ਧਰਤੀ 'ਤੇ ਜਿਊਣ ਵਾਲਾ ਆਖਰੀ ਪਾਕਿਸਤਾਨੀ ਰੁਖ਼ਸਤ ਹੋਇਆ'।

## ਹਲਕਾ ਫੁਲਕਾ

ਪਤਨੀ, ''ਵਿਆਹ ਤੋਂ ਪਹਿਲਾਂ ਮੇਰੀ ਫਿੱਗਰ ਬਿਲਕੁਲ ਕੋਕ ਦੀ ਬੋਤਲ ਦੀ ਤਰ੍ਹਾਂ ਸੀ।''

ਪਤੀ, ''ਉਹ ਤਾਂ ਹੁਣ ਵੀ ਹੈ...ਫਰਕ ਸਿਰਫ ਇੰਨਾ ਹੈ ਕਿ ਪਹਿਲਾਂ 300 ਐੱਮ ਐੱਲ ਦੀ ਸੀ, ਅੱਜ ਡੇਢ ਲੀਟਰ ਦੀ ਹੈ।''

*********

ਰਮਨ, ''ਭਰਾ, ਅੱਜ ਬੜੇ ਦਿਨਾਂ ਬਾਅਦ ਮਿਲਿਆਂ।''

ਮਹਿੰਦਰ, ''ਯਾਰ, ਕੀ ਹਾਲ ਹੈ ਤੇਰਾ?''

ਰਮਨ,''ਮਜ਼ੇ 'ਚ ਹਾਂ।''

ਮਹਿੰਦਰ, ''ਹੋਰ ਪੜ੍ਹਾਈ ਕਿਹੋ ਜਿਹੀ ਚੱਲ ਰਹੀ ਹੈ?''

ਰਮਨ, ''ਦੋਸਤ ਏਂ ਤਾਂ ਦੋਸਤ ਵਾਂਗ ਹੀ ਰਹਿ, ਰਿਸ਼ਤੇਦਾਰਾਂ ਵਾਲੀਆਂ ਹਰਕਤਾਂ ਨਾ ਕਰਿਆ ਕਰ।''

Tax & Accounting

ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?

•TAX •HST REBATE •CORPORATION SET UP
•ACCOUNTING •BUSINESS LOAN

CA CPA

info@cagrover.com

ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193

148-2960 Drew Road, Mississauga ON L4T 0A5 | Harcharan S. Grover



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ

TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS

905-707-1512
905-707-1513
Molly@jfgroup.ca

Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?



ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

## 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹੀਦ ਦਿਵਸ ਮੌਕੇ

# ਸ਼ਹੀਦ ਭਗਤ ਸਿੰਘ ਅਤੇ ਅਸੀਂ

ਸ਼ਹੀਦ ਕਦੇ ਵੀ ਇਕ ਜਾਤ, ਧਰਮ, ਫਿਰਕੇ ਜਾਂ ਦੇਸ ਦੇ ਨਹੀਂ ਹੁੰਦੇ. ਸ਼ਹੀਦ ਤਾਂ ਸਾਰੀ ਇਨਸਾਨੀਅਤ ਦੇ, ਸਾਰੀ ਕਾਇਨਾਤ ਦੇ ਹੁੰਦੇ ਹਨ. ਜਿਵੇਂ ਸੂਰਜ ਅਤੇ ਚੰਦ ਦੀ ਰੋਸ਼ਨੀ ਸਾਰਿਆਂ ਲਈ ਹੁੰਦੀ ਹੈ. ਬਿਲਕੁਲ ਉਸੇ ਤਰ੍ਹਾਂ ਸ਼ਹੀਦ ਵੀ ਸਾਰਿਆਂ ਦੇ ਹੁੰਦੇ ਹਨ. ਅਸੀਂ ਲੋਕ ਸ਼ਹੀਦਾਂ ਨੂੰ ਸਾਲ ਵਿਚ ਇਕ ਵਾਰ ਫੇਰ ਵੀ ਯਾਦ ਕਰ ਲੈਂਦੇ ਹਾਂ, ਪਰ ਸ਼ਹੀਦ ਦੇ ਪ੍ਰੀਵਾਰ ਮਾਂ-ਬਾਪ, ਪਤਨੀ, ਬੱਚਿਆਂ ਦਾ ਕਦੇ ਵੀ ਜ਼ਿਕਰ ਕਰਨ ਦੀ ਜ਼ਰੂਰਤ ਨਹੀਂ ਸਮਝਦੇ. ਸ਼ਹੀਦ ਤਾਂ ਦੇਸ ਉੱਤੇ ਆਪਣੀ ਜਾਨ ਕੁਰਬਾਨ ਕਰਕੇ ਇਤਿਹਾਸ ਦੇ ਪੰਨਿਆਂ ਵਿਚ ਆਪਣਾ ਨਾਮ ਦਰਜ ਕਰਵਾ ਲੈਂਦੇ ਹਨ. ਪਰ ਉਸ ਦਾ ਪ੍ਰੀਵਾਰ ਸ਼ਹੀਦੀ ਨੂੰ ਹਰ ਪਲ, ਹਰ ਘੜੀ ਹੰਢਾਉਂਦਾ ਹੈ. ਗਰੀਬੀ ਦੇ ਰੂਪ ਵਿਚ, ਭੁੱਖਮਰੀ ਦੇ ਰੂਪ ਵਿਚ, ਦੁਖਾਂ-ਤਕਲੀਫਾਂ ਦੇ ਰੂਪ ਵਿਚ. ਉਹਨਾਂ ਦਾ ਜ਼ਿਕਰ ਕਰਨਾ ਅਸੀਂ ਤੇ ਸਰਕਾਰਾਂ ਵਾਜਿਬ ਨਹੀਂ ਸਮਝਦੀਆਂ.



ਸ਼ਹੀਦ ਭਗਤ ਸਿੰਘ ਦੀ ਸ਼ਹੀਦ ਦਿਵਸ ਮੌਕੇ ਉਹਨਾਂ ਦੀ ਕੁੱਝ ਗੱਲਾਂ ਲਿਖਤ ਜਾਂ ਜ਼ੁਬਾਨੀ ਕਹੀਆਂ, ਉਹਨਾਂ ਦਾ ਜ਼ਿਕਰ ਕਰਨਾ ਸਮੇਂ ਦੀ ਮੰਗ ਹੈ. ਸਰਦਾਰ ਭਗਤ ਸਿੰਘ ਨੇ ਹਕੂਮਤ ਨੂੰ ਪੱਤਰ ਲਿਖ ਕੇ ਕਿਹਾ ਸੀ, "ਉਹਨਾਂ ਨੂੰ ਫਾਂਸੀ ਦੀ ਥਾਂ ਗੋਲੀ ਮਾਰੀ ਜਾਵੇ. ਪਰ ਕਿਉਂਕਿ ਤੁਹਾਡੇ ਹੱਥ ਵਿਚ ਤਾਕਤ ਹੈ. ਦੁਨਿਆ ਵਿਚ ਤਾਕਤ ਨੂੰ ਸਾਰੇ ਹੱਕ ਹਾਸਲ ਹਨ. ਅਸੀਂ ਜਾਣਦੇ ਹਾਂ, ਤੁਸੀਂ ਲੋਕ ਆਪਣਾ ਇਰਾਦਾ ਪੂਰਾ ਕਰਨ ਲਈ, ਜਿਸ ਦੀ ਲਾਠੀ, ਉਸ ਦੀ ਮੈਸ ਦਾ ਅਸੂਲ ਅਪਨਾਉਗੇ. ਪਰ ਅਸੀਂ ਜੰਗੀ ਕੈਦੀ ਹਾਂ. ਇਸ ਲਈ ਅਸੀਂ ਮੰਗ ਕਰਦੇ ਹਾਂ, ਸਾਡੇ ਨਾਲ ਜੰਗੀ ਕੈਦੀਆਂ ਵਰਗਾ ਸਲੂਕ ਕੀਤਾ ਜਾਵੇ, ਫਾਂਸੀ ਉੱਤੇ ਲਟਕਾਉਣ ਦੀ ਬਜਾਏ ਸਾਨੂੰ ਗੋਲੀ ਨਾਲ ਉਡਾਇਆ ਜਾਵੇ. ਇਸ ਲਈ ਅਸੀਂ ਬੇਨਤੀ ਕਰਦੇ ਹਾਂ, ਤੁਸੀਂ ਆਪਣੇ ਫੌਜੀ ਮਹਿਕਮੇ ਨੂੰ ਹੁਕਮ ਦੇਵੋ, ਸਾਨੂੰ ਗੋਲੀ ਨਾਲ ਮਾਰਨ ਲਈ ਇਕ ਫੌਜੀ ਦਸਤਾ ਭੇਜੇ.

ਭਗਤ ਸਿੰਘ ਅਦਾਲਤ ਵਿਚ ਪੇਸ਼ੀ ਸਮੇਂ ਅੰਗਰੇਜ਼ੀ ਅਦਾਲਤ ਦਾ ਮਜ਼ਾਕ ਉਡਾ ਰਿਹਾ ਸੀ. ਸਰਕਾਰੀ ਵਕੀਲ ਨੇ ਕਿਹਾ, "ਤੁਸੀਂ ਦੇਸ ਧਰੋਹੀ ਹੋ". ਭਗਤ ਸਿੰਘ ਫਿਰ ਹੱਸਿਆ. ਸਰਕਾਰੀ ਵਕੀਲ ਨੇ ਕਿਹਾ, "ਭਗਤ ਸਿੰਘ ਤੁਸੀਂ ਇਸ ਤਰ੍ਹਾਂ ਅਦਾਲਤ ਦੀ ਤੌਹੀਨ ਕਰ ਰਹੇ ਹੋ." ਭਗਤ ਸਿੰਘ ਨੇ ਕਿਹਾ, "ਵਕੀਲ ਸਾਹਿਬ ਮੈਂ ਜਦ ਤੱਕ ਜਿਉਂਦਾ ਰਹਾਂਗਾ ਇਵੇਂ ਹੀ ਹੱਸਦਾ ਰਹਾਂਗਾ. ਜਦੋਂ ਮੈਂ ਫਾਂਸੀ ਦੇ ਤਖਤੇ 'ਤੇ ਖੜ੍ਹਾ ਹੋ ਕੇ ਹੱਸਾਂਗਾ, ਉਦੋਂ ਤੁਸੀਂ ਕਿਹੜੀ ਅਦਾਲਤ ਵਿਚ ਸ਼ਕਾਇਤ ਕਰੋਗੇ."

ਬਾਬਾ ਸੋਹਨ ਸਿੰਘ ਭਕਨਾ ਭਗਤ ਸਿੰਘ ਨੂੰ ਜੇਲ ਵਿਚ ਮਿਲਣ ਲਈ ਗਏ. ਬਾਬਾ ਜੀ ਨੇ ਭਗਤ ਸਿੰਘ ਨੂੰ ਪੁੱਛਿਆ, "ਭਗਤ ਸਿੰਘ ਤੁਹਾਡਾ ਕੋਈ ਰਿਸ਼ਤੇਦਾਰ ਮਿਲਣ ਨਹੀਂ ਆਇਆ". ਤਾਂ ਭਗਤ ਸਿੰਘ ਨੇ ਕਿਹਾ, "ਬਾਬਾ ਜੀ ਮੇਰਾ ਖੂਨ ਦਾ ਰਿਸ਼ਤਾ ਤਾਂ ਸ਼ਹੀਦਾਂ ਦੇ ਨਾਲ ਹੈ, ਖ਼ੁਦੀ ਰਾਮ ਬੋਸ ਦੇ ਨਾਲ, ਕਰਤਾਰ ਸਿੰਘ ਸਰਾਭਾ ਦੇ ਨਾਲ, ਅਸੀਂ ਸਭ ਇਕ ਹੀ ਖੂਨ ਦੇ ਹਾਂ. ਸਾਡਾ ਖੂਨ ਇਕ ਹੀ ਜਗ੍ਹਾ ਤੋਂ ਆਇਆ ਹੈ, ਇਕ ਹੀ ਜਗ੍ਹਾਂ ਜਾ ਰਿਹਾ ਹੈ. ਦੂਜਾ ਰਿਸ਼ਤਾ ਤੁਹਾਡੇ ਲੋਕਾਂ ਦੇ ਨਾਲ ਹੈ, ਜੋ ਸਾਨੂੰ ਪ੍ਰੇਰਣਾ ਦੇ ਰਹੇ ਹਨ, ਜਿਹਨਾਂ ਦੇ ਨਾਲ ਕਾਲ ਕੋਠੜੀ ਵਿਚ ਅਸੀਂ ਪਸੀਨਾ ਬਹਾਇਆ ਹੈ. ਤੀਜੇ ਰਿਸ਼ਤੇਦਾਰ ਉਹ ਹੋਣਗੇ ਜੋ ਖੂਨ-ਪਸੀਨੇ ਦੇ ਨਾਲ ਤਿਆਰ ਕੀਤੀ ਜ਼ਮੀਨ ਵਿਚੋਂ ਨਵੀਂ ਨਸਲ ਅਤੇ ਸ਼ਕਲ ਵਿਚ ਪੈਦਾ ਹੋਣਗੇ. ਜੋ ਸਾਡੇ ਮਿਸ਼ਨ ਨੂੰ, ਸਾਡੀ ਸੋਚ ਨੂੰ ਅੱਗੇ ਵਧਾਉਣਗੇ. ਇਸ ਤੋਂ ਇਲਾਵਾ ਸਾਡੇ ਹੋਰ ਕੌਣ ਰਿਸ਼ਤੇਦਾਰ ਹੋ ਸਕਦੇ ਬਾਬਾ ਜੀ."

ਮਾਨਵਾਲ ਜ਼ਿਲਾ ਸ਼ੇਖੂਪੁਰਾ ਦੇ ਤੇਜਾ ਸਿੰਘ ਮਾਨ ਦੀ ਭੈਣ ਨਾਲ ਵਿਆਹ ਨਿਯਤ ਹੋਣ ਤੋਂ ਬਾਅਦ ਭਗਤ ਸਿੰਘ ਨੇ ਆਪਣੇ ਪਿਤਾ ਨੂੰ ਪੱਤਰ ਲਿਖ ਕੇ ਕਿਹਾ, "ਸਤਿਕਾਰਯੋਗ ਪਿਤਾ ਜੀ, ਇਹ ਵਿਆਹ ਦਾ ਸਮਾਂ ਨਹੀਂ ਹੈ. ਦੇਸ਼ ਮੈਨੂੰ ਬੁਲਾ ਰਿਹਾ ਹੈ. ਮੈਂ ਅਪਣਾ ਤਨ, ਮਨ ਅਤੇ ਧਨ ਦੇਸ ਦੇ ਲੇਖੇ ਲਾਉਣ ਦਾ ਫੈਸਲਾ ਕੀਤਾ ਹੈ. ਵੈਸੇ ਵੀ ਇਹ ਸਾਡੇ ਪ੍ਰੀਵਾਰ ਲਈ ਕੋਈ ਨਵੀਂ ਗੱਲ ਨਹੀਂ ਹੈ. ਸਾਡਾ ਸਾਰਾ ਖਾਨਦਾਨ ਦੇਸ ਭਗਤਾਂ ਦਾ ਹੈ. 1910 ਵਿਚ ਮੇਰੇ ਜਨਮ ਦੇ ਦੋ ਤਿੰਨ ਸਾਲ ਬਾਅਦ ਹੀ ਚਾਚਾ ਸਵਰਨ ਸਿੰਘ ਜੀ ਜੇਲ ਵਿਚ ਸਵਰਗਵਾਸ ਹੋਏ ਸਨ. ਚਾਚਾ ਅਜੀਤ ਸਿੰਘ ਜੀ ਜਲਾਵਤਨ ਹੋ ਕੇ ਗ਼ੈਰ ਮੁਲਕਾਂ ਵਿਚ ਰਹੇ. ਚਾਚਾ ਜੀ ਨੇ ਜੇਲਾਂ ਵਿਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕੀਤਾ. ਮੈਂ ਤਾਂ ਸਿਰਫ ਉਹਨਾਂ ਦੇ ਨਕਸ਼ੇ ਕਦਮ ਉੱਤੇ ਚੱਲ ਰਿਹਾ ਹਾਂ. ਮਿਹਰਬਾਨੀ ਕਰਕੇ ਤੁਸੀਂ ਮੈਨੂੰ ਵਿਆਹ ਦੇ ਬੰਧਨ ਵਿਚ ਨਾ ਜਕੜੋ. ਬਲਕਿ ਮੇਰੇ ਹੱਕ ਵਿਚ ਦੁਆ ਕਰੋ. ਤਾਂ ਜੋ ਮੈਂ ਆਪਣੇ ਮਕਸਦ ਵਿਚ ਕਾਮਯਾਬ ਹੋ ਸਕਾਂ."

ਪਿਤਾ ਨੇ ਭਗਤ ਸਿੰਘ ਦੇ ਜਵਾਬ ਵਿਚ ਲਿਖਿਆ, "ਬੇਟਾ, ਅਸੀਂ ਤੇਰਾ ਵਿਆਹ ਨਿਸ਼ਚਿਤ ਕਰ ਦਿਤਾ ਹੈ. ਅਸੀਂ ਲੜਕੀ ਵੇਖ ਚੁੱਕੇ ਹਾਂ. ਸਾਨੂੰ ਪਸੰਦ ਹੈ. ਤੈਨੂੰ ਆਪਣੀ ਬੁੱਢੀ ਦਾਦੀ ਦੀ ਗਲ ਮੰਨਣੀ ਚਾਹਦੀ ਹੈ. ਮੇਰਾ ਆਦੇਸ਼ ਹੈ, ਤੂੰ ਵਿਆਹ ਵਿਚ ਕਿਸੇ ਕਿਸਮ ਦਾ ਅੜਿਕਾ ਨਾ ਪਾਵੇਂ. ਖੁਸ਼ੀ ਨਾਲ ਸਹਿਮਤ ਹੋ ਜਾਅ."

ਭਗਤ ਸਿੰਘ ਨੇ ਪਿਤਾ ਦੀ ਇਸ ਚਿੱਠੀ ਦੇ ਜਵਾਬ ਵਿਚ ਕਿਹਾ, "ਸਤਿਕਾਰਯੋਗ ਪਿਤਾ ਜੀ, ਮੈਨੂੰ ਇਹ ਪੜ੍ਹ ਕੇ ਹੈਰਾਨੀ ਹੋਈ, ਜੋ ਤੁਹਾਡੇ ਜਿਹੇ ਸੱਚੇ ਦੇਸ ਭਗਤ ਅਤੇ ਬਹਾਦਰ ਇਨਸਾਨ ਨੂੰ ਵੀ ਇਹ ਮਾਮੂਲੀ ਗੱਲਾਂ ਪ੍ਰਭਾਵਿਤ ਕਰ ਸਕਦੀਆਂ ਹਨ. ਫੇਰ ਇਕ ਆਮ ਗੁਲਾਮ ਇਨਸਾਨ ਦਾ ਕੀ ਹੋਵੇਗਾ? ਤੁਸੀਂ ਸਿਰਫ ਮੇਰੀ ਦਾਦੀ ਜੀ ਦੀ ਫ਼ਿਕਰ ਕਰ ਰਹੇ ਹੋ. ਪਰ 33 ਕਰੋੜ ਲੋਕਾਂ ਦੀ ਮਾਂ, ਭਾਰਤ ਮਾਂ ਦੇ ਦੁੱਖ ਦੂਰ ਕਰਨ ਦੇ ਬਾਰੇ ਵਿਚ ਸੋਚੋ. ਭਾਰਤ ਮਾਂ ਦੇ ਦੁੱਖ ਦੂਰ ਕਰਨ ਲਈ ਸਾਨੂੰ ਸਭ ਕੁੱਝ ਕੁਰਬਾਨ ਕਰ ਦੇਣਾ ਚਾਹੀਦਾ ਹੈ."

ਸਰਦਾਰ ਭਗਤ ਸਿੰਘ ਨੇ ਇਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਅਸੀਂ ਮੁੱਠੀ ਭਰ ਕਰਾਂਤੀਕਾਰੀ. ਲੋਕਾਂ ਨੂੰ ਨਾਲ ਲਏ ਬਿਨਾਂ ਆਜ਼ਾਦੀ ਹਾਸਿਲ ਨਹੀਂ ਕਰ ਸਕਦੇ. ਜਨਤਾ ਦੀ ਸ਼ਕਤੀ ਦੇ ਨਾਲ ਹੀ ਸਾਡਾ ਮੁੱਲਕ ਆਜ਼ਾਦ ਹੋਏਗਾ. ਭਾਰਤ ਦੀ ਲੁੱਟ ਨੂੰ ਖਤਮ ਕਰਨਾ, ਨੌਕਰਸ਼ਾਹੀ ਦਾ ਦਬਦਬਾ ਖਤਮ ਕਰਨਾ, ਲੋਕਾਂ ਨੂੰ ਹਕੂਮਤ ਵਿਚ ਬਰਾਬਰ ਦਾ ਹਿੱਸੇਦਾਰ ਬਣਾਉਣਾ ਸਾਡਾ ਪਹਿਲਾ ਫ਼ਰਜ਼ ਹੈ.

ਹੁਣ ਦੇਖਣਾ ਹੈ ਕਿ ਭਗਤ ਸਿੰਘ ਤੇ ਅਣਗਿਣਤ ਦੇਸ ਭਗਤ ਜਿਹਨਾਂ ਨੇ ਆਪਣੀਆਂ ਜਾਨਾਂ ਦੇਸ ਦੀ ਆਜ਼ਾਦੀ ਖਾਤਰ ਹੱਸ ਕੇ ਕੁਰਬਾਨ ਕੀਤੀਆਂ. ਕੀ ਅਜ ਦਾ ਭਾਰਤ ਉਹਨਾਂ ਦੇ ਸੁਪਨਿਆਂ ਦਾ ਭਾਰਤ ਹੀ ਹੈ? ਜੇਕਰ ਨਹੀਂ ਤਾਂ ਕੀ ਕਾਰਨ ਹੈ? ਕੀ ਅਸੀਂ ਉਹਨਾਂ ਦੇ, ਉਹਨਾਂ ਦੀ ਸੋਚ ਦੇ ਵਾਰਿਸ ਬਣ ਸਕੇ ਹਾਂ? ਜੇਕਰ ਨਹੀਂ ਤਾਂ ਕੀ ਕਾਰਨ ਹਨ, ਕਿੱਥੇ ਗੜਬੜ ਹੋਈ ਹੈ? ਮੁਲਕ ਇਕ ਵਾਰ ਫੇਰ ਗੁਲਾਮੀ ਵੱਲ ਵੱਧ ਰਿਹਾ ਹੈ। ਪਰ ਹੁਣ ਵਾਲੀ ਗੁਲਾਮੀ ਪਹਿਲੀ ਗੁਲਾਮੀ ਨਾਲ ਬੇਹਦ ਖਤਰਨਾਕ ਅਤੇ ਖੌਫਨਾਕ ਹੋਵੇਗੀ। ਸਾਮਰ-ਾਜਵਾਦ ਦੇ ਮਨਸੂਬੇ ਭਾਰਤ ਨੂੰ ਰਾਜਨੀਤਿਕ, ਸਭਿਆਚਾਰਕ ਤੇ ਆਰਿਥਕ ਤੌਰ 'ਤੇ ਗੁਲਾਮ ਕਰਨ ਦੇ ਹਨ।

-ਸੰਜੀਵਨ ਸਿੰਘ

# ਲੋਕ ਮਸਲੇ, ਸਿਆਸਤਦਾਨ ਅਤੇ ਆਮ ਚੋਣਾਂ

-ਗੁਰਪ੍ਰੀਤ ਸਿੰਘ ਮੰਡ

ਲੋਕ ਮਸਲੇ ਜਾਂ ਸਮਾਜ ਦੀਆਂ ਲੋੜਾਂ ਸਦਾ ਹੀ ਸਿਆਸਤ ਦਾ ਆਧਾਰ ਰਹੇ ਹਨ ਤੇ ਕਿਸੇ ਵੀ ਖਿੱਤੇ ਦੀ ਸਿਆਸਤ ਉਸ ਖੇਤਰ ਦੇ ਵਸਨੀਕਾਂ ਦੀਆਂ ਲੋੜਾਂ, ਰੁਚੀਆਂ ਤੋਂ ਵੱਖ ਨਹੀਂ ਹੋ ਸਕਦੀ। ਅਵਾਮ ਦੇ ਮਸਲੇ, ਲੋੜਾਂ ਅਕਸਰ ਚੋਣਾਂ ਸਮੇਂ ਖੁਦਗਰਜ਼ ਸਿਆਸਤਦਾਨਾਂ ਲਈ ਬੇੜੀ ਦਾ ਕੰਮ ਕਰਦੇ ਹਨ, ਜਿਨ੍ਹਾਂ ਉਪਰ ਸਵਾਰ ਹੋ ਕੇ ਉਹ ਆਪਣੇ ਰਾਜਸੀ ਖੇਤਰ ਦੇ ਵਿਸ਼ਾਲ ਸਮੁੰਦਰ ਤੈਅ ਕਰਦੇ ਹਨ, ਪਰ ਸਿਤਮ ਇਹ ਕਿ ਸਿਆ-ਸਤਦਾਨ ਉਸ ਬੇੜੀ (ਲੋਕ ਮਸਲੇ) ਨੂੰ ਅਕਸਰ ਕਿਨਾਰੇ ਲਾਉਣਾ ਭੁੱਲ ਜਾਂਦੇ ਹਨ ਜਾਂ ਚਤੁਰਾਈ ਨਾਲ ਅਗਲੀਆਂ ਚੋਣਾਂ ਸਮੇਂ ਵੀ ਉਸੇ ਨੂੰ ਵਰਤਣ ਲਈ ਉਸ ਨੂੰ ਜਿਉਂ ਦੀ ਤਿਉਂ ਛੱਡ ਦਿੱਤਾ ਜਾਂਦਾ ਹੈ। ਪੰਜਾਬ ਵਿੱਚ ਬੇਰੁਜ਼ਗਾਰੀ ਅਤੇ ਕਿਸਾਨੀ ਵਿਕਾਸ ਦਾ ਮੁੱਦਾ ਇਸੇ ਦ ਮੁੱਢਲੇ ਉਦਾਹਰਨ ਹਨ।

ਜਦੋਂ ਆਜ਼ਾਦ ਭਾਰਤ ਦੀ ਪਹਿਲੀ ਲੋਕ ਸਭਾ ਚੋਣ ਹੋਈ ਤਾਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਾਲੀ ਸਰਕਾਰ ਨੇ ਦੇਸ਼ ਨੂੰ ਵਿਕਾਸ ਦੀਆਂ ਲੀਹਾਂ 'ਤੇ ਤੋਰਨ ਲਈ 1951 ਵਿੱਚ ਪੰਜ ਸਾਲਾ ਯੋਜਨਾਵਾਂ ਆਰੰਭੀਆਂ ਸਨ। ਸਭ ਤੋਂ ਪਹਿਲਾਂ ਖੇਤੀਬਾੜੀ ਤੇ ਫਿਰ ਦੂਜੀ ਪੰਜ ਸਾਲਾ ਯੋਜਨਾ ਅਧੀਨ ਸਨਅਤੀ ਵਿਕਾਸ ਨੂੰ ਪਹਿਲ ਦਿੱਤੀ ਗਈ। ਇਨ੍ਹਾਂ ਯੋਜਨਾਵਾਂ ਦਾ ਅਸਰ ਆਤਮ ਨਿਰਭਰਤਾ ਵੱਲ ਵਧਦੇ ਕਦਮਾਂ ਵਜੋਂ ਦਿਖਾਈ ਦੇਣ ਲੱਗਾ। ਨਵੀਂ ਮਿਲੀ ਆਜ਼ਾਦੀ ਦੇ ਜੋਸ਼ ਤੇ ਸੱਤਾ ਦੇ ਨਿਰਸਵਾਰਥ ਪ੍ਰਭਾਵ ਹੇਠ ਦੇਸ਼ ਦੇ ਸਿਆਸੀ ਆਗੂਆਂ ਨੇ ਸਮਾਜ ਦੇ ਵਿਕਾਸ ਨੂੰ ਨਿੱਜੀ ਲਾਭ ਤੋਂ ਉਪਰ ਰੱਖਿਆ, ਕਿਸਾਨੀ, ਸਿਹਤ, ਸਿੱਖਿਆ, ਰੁਜ਼ਗਾਰ ਪ੍ਰਾਪਤੀ ਲਈ ਸ਼ਲਾਘਾ ਯੋਗ ਕਦਮ ਚੁੱਕੇ, ਪਰ ਸਮਾਂ ਬੀਤਣ ਨਾਲ ਇਹ ਜੋਸ਼ ਠੰਢਾ ਪੈ ਗਿਆ ਅਤੇ ਸੱਤਾ ਦੀ ਭੁੱਖ ਨੇ ਬਹੁਤੇ ਸਿਆਸਤਦਾਨਾਂ ਦੇ ਸਿਰ ਅਖੌਤੀ ਅਤੇ ਭ੍ਰਿਸ਼ਟ ਹੋਣ ਦੇ ਕਲੰਕ ਮੜ੍ਹ ਦਿੱਤਾ। ਵੋਟ ਬੈਂਕ ਦੀ ਸਿਆਸਤ ਦੇ ਸ਼ਬਦਕੋਸ਼ ਵਿੱਚ ਕੌਮ, ਖੇਤਰ, ਧਰਮ ਅਤੇ ਜਾਤ ਵਰਗੇ ਸ਼ਬਦ ਉਪਰ ਆਉਣ ਲੱਗੇ।

ਅੱਜ ਦੇਸ਼ ਦੀਆਂ ਲੋਕ ਸਭਾ ਚੋਣ ਲਈ ਸਭ ਪਾਰਟੀਆਂ ਅਤੇ ਆਗੂ ਪੱਬਾਂ ਭਾਰ ਹੋ ਰਹੇ ਹਨ। ਦੂਜੇ ਪਾਸੇ ਕਿਸਾਨੀ ਸੰਕਟ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਅਸਾਵਾਂ ਆਰਥਿਕ ਵਿਕਾਸ, ਭੁੱਖਮਰੀ, ਸਮਾਜਿਕ ਸੁਰੱਖਿਆ, ਸਿਹਤ ਅਤੇ ਸਿੱਖਿਆ ਸਹੂਲਤਾਂ ਦਾ ਮੰਦਾ ਹਾਲ, ਸੁਸਤ ਨਿਆਂ ਪ੍ਰਣਾਲੀ, ਗਰੀਬੀ, ਨਸ਼ੇ ਆਦਿ ਦੇਸ਼ ਦੇ ਲੋਕਾਂ ਦੇ ਕੁਝ ਅਜਿਹੇ ਮਸਲੇ ਹਨ, ਜਿਨ੍ਹਾਂ ਵੱਲ ਓਨੀ ਤਵੱਜੋ ਨਹੀਂ ਦਿੱਤੀ ਜਾਂਦੀ, ਜਿੰਨੀ ਇਸ ਵਕਤ ਲੋੜ ਹੈ। ਸਿਤਮ ਦੀ ਗੱਲ ਇਹ ਹੈ ਕਿ ਸਮੇਂ-ਸਮੇਂ ਮੁਲਕ ਦੇ ਸਿਆਸਤਦਾਨਾਂ ਨੇ 'ਗਰੀਬੀ ਹਟਾਉ', 'ਸਬ ਕਾ ਸਾਥ, ਸਬ ਕਾ ਵਿਕਾਸ', 'ਅੱਛੇ ਦਿਨ' ਆਦਿ ਲੋਕ ਲੁਭਾਊ ਨਾਅਰੇ ਤਾਂ ਦਿੱਤੇ, ਪਰ ਇਹ ਸਭ ਨਾਅਰੇ ਸਿਰਫ ਚੁਣਾਵੀ ਜੁਮਲੇ ਹੀ ਸਾਬਤ ਹੋਏ।

ਪਹਿਲੀ ਪੰਜ ਸਾਲਾ ਯੋਜਨਾ ਵਿੱਚ ਉਚੇਚੀ ਤਵੱਜੋ ਦੇ ਬਾਵਜੂਦ ਖੇਤੀ ਨੂੰ ਅੱਜ ਵੀ ਲਾਹੇਵੰਦ ਧੰਦਾ ਨਹੀਂ ਬਣਾਇਆ ਜਾ ਸਕਿਆ। ਅੱਜ ਕੁੱਲ ਘਰੇਲੂ ਪੈਦਾਵਾਰ ਵਿੱਚ ਖੇਤੀਬਾੜੀ ਦਾ ਯੋਗਦਾਨ ਕੇਵਲ 10 ਫੀਸਦੀ ਰਹਿ ਗਿਆ ਹੈ ਜੋ ਕਿਸਾਨੀ ਸੰਕਟ ਦੀ ਬਦਹਾਲੀ ਦੀ ਗਵਾਹੀ ਭਰਦਾ ਹੈ। ਕੇਵਲ ਪੰਜਾਬ ਵਿੱਚ ਸਾਲ 2000 ਤੋਂ 2015-16 ਤੱਕ 16606 ਕਿਸਾਨਾਂ ਤੇ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਅਤੇ ਇਹ ਸਿਲਸਿਲਾ ਰੁਕ ਨਹੀਂ ਰਿਹਾ। ਮੁਲਕ ਦੀ 60 ਫੀਸਦੀ ਵਸੋਂ ਅੱਜ ਵੀ ਖੇਤੀ 'ਤੇ ਨਿਰਭਰ ਹੈ ਅਤੇ ਇਸ ਵਸੋਂ ਨੂੰ ਭਰਮਾ ਕੇ 2014 ਵਿੱਚ ਭਾਰਤੀ ਜਨਤਾ ਪਾਰਟੀ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ, ਪਰ ਆਮਦਨ ਕਿਸ ਦੀ ਦੁੱਗਣੀ ਹੋਈ, ਸਭ ਨੂੰ ਪਤਾ ਹੈ। ਮੋਦੀ ਸਰਕਾਰ ਦੇ ਅੰਤ੍ਰਿਮ ਬਜਟ ਵਿੱਚ ਪੰਜ ਏਕੜ ਤੱਕ ਵਾਲੇ ਕਿਸਾਨਾਂ ਨੂੰ ਦੋ-ਦੋ ਹਜ਼ਾਰ ਦੀਆਂ ਤਿੰਨ ਕਿਸ਼ਤਾਂ ਵਿੱਚ ਦਿੱਤੀ ਜਾਣ ਵਾਲੀ ਸਾਲਾਨਾ ਛੇ ਹਜ਼ਾਰ ਰੁਪਏ ਦੀ ਸਹਾਇਤਾ 16.40 ਪੈਸੇ ਪ੍ਰਤੀ ਦਿਨ ਬਣਦੀ ਹੈ, ਕੀ ਇਹ ਕਿਸਾਨੀ ਸੰਕਟ ਦਾ ਹੱਲ ਕਰ ਸਕੇਗੀ? ਸਪੱਸ਼ਟ ਹੈ ਕਿ ਇਕ ਵਾਰ ਫਿਰ ਕਿਸਾਨਾਂ ਨੂੰ ਵੋਟ ਬੈਂਕ ਦੀ ਐਨਕ ਰਾਹੀਂ ਦੇਖਿਆ ਗਿਆ ਹੈ।

ਬੇਰੁਜ਼ਗਾਰੀ ਅੱਜ ਵੀ ਦੇਸ਼ ਦੀ ਵੱਡੀ ਸਮੱਸਿਆ ਹੈ। ਇਹ ਸਮੱਸਿਆ ਭਾਵੇਂ ਪੂਰੇ ਸੰਸਾਰ ਵਿੱਚ ਹੈ, ਪਰ ਭਾਰਤੀ ਸਿਆਸਤਦਾਨ ਹਰ ਚੋਣ ਦੰਗਲ ਸਮੇਂ ਇਸ ਨੂੰ ਖਤਮ ਕਰਨ ਦੇ ਵਾਅਦੇ ਕਰਦੇ ਹਨ, ਨਾਅਰੇ ਮਾਰਦੇ ਹਨ, ਪਰ ਕੇਂਦਰ ਦੇ ਅਦਾਰੇ ਨੈਸ਼ਨਲ ਸੈਂਪਲ ਸਰਵੇ ਆਫਿਸ ਨੇ ਜੁਲਾਈ 2017 ਤੋਂ ਜੂਨ 2018 ਤੱਕ ਬੇਰੁਜ਼ਗਾਰੀ ਬਾਰੇ ਜੋ ਅੰਕੜੇ ਜਾਰੀ ਕੀਤੇ ਹਨ, ਉਸ ਅਨੁਸਾਰ ਮੁਲਕ ਵਿੱਚ ਇਸ ਵੇਲੇ ਬੇਰੁਜ਼ਗਾਰੀ ਦੀ ਦਰ 61 ਫੀਸਦੀ ਹੈ ਜਿਹੜੀ ਕਿ ਪਿਛਲੇ 75 ਸਾਲਾਂ ਭਾਵ 1972-73 ਤੋਂ ਬਾਅਦ ਸਭ ਤੋਂ ਉਚੀ ਹੈ। ਸਰਕਾਰ ਨੇ ਪਹਿਲਾਂ ਇਹ ਰਿਪੋਰਟ ਜਾਰੀ ਕਰਨ ਤੋਂ ਰੋਕੀ ਰੱਖੀ ਤੇ ਫਿਰ ਇਸ ਨੂੰ ਅੰਤਿਮ ਰਿਪੋਰਟ ਮੰਨਣ ਤੋਂ ਹੀ ਇਨਕਾਰੀ ਹੋ ਗਈ।

ਸਿੱਖਿਆ ਸ਼ਖਸੀਅਤ ਨਿਰਮਾਣ ਦੀ ਬੁਨਿਆਦ ਹੁੰਦੀ ਹੈ। ਇਹ ਸੰਵਿਧਾਨ ਦੀ 86ਵੀਂ ਸੋਧ ਦੁਆਰਾ 2003 ਵਿੱਚ ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਵਿੱਚ ਸ਼ਾਮਲ ਕੀਤੀ ਗਈ। ਇਸ ਅਨੁਸਾਰ 2009 ਵਿੱਚ ਮੁਲਕ ਦੇ 14 ਸਾਲ ਤੱਕ ਦੀ ਉਮਰ ਦੇ ਹਰ ਬੱਚੇ ਲਈ ਸਿੱਖਿਆ ਲਾਜ਼ਮੀ ਤੇ ਮੁਫਤ ਕੀਤੀ ਗਈ, ਪਰ ਸਰਕਾਰੀ ਨੀਤੀਆਂ ਕਾਰਨ ਸਿੱਖਿਆ ਦਾ ਢਾਂਚਾ ਨਿੱਘਰ ਚੁੱਕਾ ਹੈ। ਵੀਹਵੀਂ ਸਦੀ ਦੇ ਨੌਵੇਂ ਦਹਾਕੇ ਦੌਰਾਨ ਮੁਲਕ ਵਿੱਚ ਸ਼ੁਰੂ ਕੀਤੀਆਂ ਨਵ ਉਦਾਰਵਾਦੀ ਨੀਤੀਆਂ ਤਹਿਤ ਸਿੱਖਿਆ ਦਾ ਨਿੱਜੀਕਰਨ ਤੇ ਵਪਾਰੀਕਰਨ ਦਾ ਸਿਲਸਿਲਾ ਅੱਜ ਸਿਖਰ 'ਤੇ ਪੁੱਜ ਗਿਆ ਹੈ। ਇਸੇ ਕਰਕੇ ਸਿੱਖਿਆ ਪ੍ਰਾਪਤ ਕਰਨਾ ਯੋਗਤਾ ਤੇ ਲਗਨ ਦੀ ਥਾਂ ਪੈਸੇ ਦੀ ਖੇਡ ਬਣ ਗਿਆ ਹੈ। ਸਰਕਾਰ ਦੀਆਂ ਨੀਤੀਆਂ ਕਾਰਨ ਸਿੱਖਿਆ, ਖਾਸ ਕਰਕੇ ਉਚੇਰੀ ਸਿੱਖਿਆ ਗਰੀਬ ਅਤੇ ਮੱਧ ਵਰਗ ਲਈ ਦਿਨੋ-ਦਿਨ ਸੁਪਨਾ ਹੋ ਰਹੀ ਹੈ। ਕੋਠਾਰੀ ਕਮਿਸ਼ਨ (1964-66) ਦੀ ਸਿਫਾਰਸ਼ ਸੀ ਕਿ ਸਰਕਾਰ ਉਚੇਰੀ ਸਿੱਖਿਆ ਉਤੇ ਕੁੱਲ ਘਰੇਲੂ ਪੈਦਾਵਾਰ ਦਾ ਹਿੱਸਾ 2.9 ਫੀਸਦੀ ਤੋਂ ਵਧਾ ਕੇ 1985-86 ਤੱਕ ਛੇ ਫੀਸਦੀ ਤੱਕ ਲੈ ਕੇ ਜਾਵੇ, ਪਰ ਐਸੋਚਮ ਦੀ ਰਿਪੋਰਟ ਅਨੁਸਾਰ 2016 ਵਿੱਚ ਇਹ ਕੁੱਲ ਘਰੇਲੂ ਪੈਦਾਵਾਰ ਦਾ ਕੇਵਲ 3.83 ਫੀਸਦੀ ਸੀ। ਮੁੱਢਲਾ ਅਧਿਕਾਰ ਸਿੱਖਿਆ ਖੋਹਿਆ ਜਾ ਰਿਹਾ ਹੈ, ਪਰ ਸਿਆਸਤਦਾਨ ਇਸ ਮਸਲੇ ਬਾਰੇ ਚੁੱਪ ਹਨ। ਇਨ੍ਹਾਂ ਦੇ ਆਪਣੇ ਬੱਚੇ ਦੇਸ਼ ਵਿਦੇਸ਼ ਦੇ ਮਹਿੰਗੇ ਪ੍ਰਾਈਵੇਟ ਅਦਾਰਿਆਂ ਵਿੱਚ ਪੜ੍ਹਦੇ ਹਨ।

ਜਾਪਦਾ ਹੈ, ਸਿਸਟਮ ਵੱਲੋਂ ਚਤੁਰਾਈ ਨਾਲ ਆਮ ਨਾਗਰਿਕ ਦੇ ਜੀਵਨ ਵਿੱਚੋਂ ਗਿਆਨ ਦੀ ਲੋਅ ਮੱਧਮ ਕੀਤੀ ਜਾ ਰਹੀ ਹੈ। ਸਿਹਤ ਖੇਤਰ ਜਿਸ ਨੂੰ ਸਾਡਾ ਸੰਵਿਧਾਨ ਨਾਗਰਿਕਾਂ ਦਾ ਮੁੱਢਲਾ ਅਧਿਕਾਰ ਵੀ ਨਹੀਂ ਮੰਨਦਾ, ਨਿੱਜੀਕਰਨ ਦੀਆਂ ਨੀਤੀਆਂ ਕਾਰਨ ਆਏ ਦਿਨ ਆਮ ਸ਼ਖਸ ਦੀ ਪਹੁੰਚ ਤੋਂ ਦੂਰ ਹੋ ਰਿਹਾ ਹੈ। ਜਨਤਕ ਖੇਤਰ ਦੇ ਸਿਹਤ ਅਦਾਰਿਆਂ ਦੀ ਹਾਲਤ ਨਿਘਰ ਰਹੀ ਹੈ। ਢਿੱਲੀ ਨਿਆਂ ਪ੍ਰਣਾਲੀ ਕਾਰਨ ਲੋਕ ਅੱਜ ਵੀ ਅਦਾਲਤਾਂ ਵਿੱਚ ਬਿਰਖ ਹੋ ਰਹੇ ਹਨ। ਨਿਆਂ ਵਿੱਚ ਦੇਰੀ, ਨਿਆਂ ਨਾ ਹੋਣ ਦੇ ਬਰਾਬਰ ਹੈ।

ਲੋਕ ਮਸਲਿਆਂ ਦਾ ਹੱਲ ਕਰਨਾ ਜਾਂ ਇਨ੍ਹਾਂ ਨੂੰ ਪ੍ਰਮੁੱਖਤਾ ਨਾਲ ਵਿਧਾਨਿਕ ਸੈਸ਼ਨਾਂ ਵਿੱਚ ਉਭਾਰਨਾ ਸਾਡੇ ਆਗੂਆਂ/ ਲੋਕ ਪ੍ਰਤੀਨਿਧਾਂ ਦਾ ਮੁੱਢਲਾ ਫਰਜ਼ ਹੈ ਪਰ ਇਨ੍ਹਾਂ ਵੱਲੋਂ ਚੋਣ ਜਿੱਤ ਕਰਨ ਤੋਂ ਬਾਅਦ ਆਪਣੇ ਨਿੱਜੀ ਹਿੱਤਾਂ ਜਾਂ ਪਾਰਟੀ ਹਿੱਤਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਸੈਸ਼ਨਾਂ ਵਿੱਚ ਦੂਸ਼ਣਬਾਜ਼ੀ ਦੌਰਾਨ ਲੋਕ ਮਸਲੇ ਦੱਬ ਦਿੱਤੇ ਜਾਂਦੇ ਹਨ ਅਤੇ ਹੋਰ ਪੰਜ ਸਾਲਾਂ ਬਾਅਦ ਇਨ੍ਹਾਂ ਮਸਲਿਆਂ ਨੂੰ ਉਭਾਰ ਕੇ ਸੁਧਾਰ ਅਤੇ ਵਿਕਾਸ ਦੇ ਨਾਂ 'ਤੇ ਵੋਟ ਮੰਗਣ ਲਈ ਸਿਆਸਤਦਾਨ ਫਿਰ ਵੋਟਰਾਂ ਦੇ ਬੂਹੇ 'ਤੇ ਦਸਤਕ ਦਿੰਦੇ ਹਨ। ਉਨ੍ਹਾਂ ਨੇ ਆਪਣਾ ਵੋਟ ਬੈਂਕ ਪੱਕਾ ਕਰਨ ਦਾ ਰਾਹ ਅਖਤਿਆਰ ਕਰ ਲਿਆ ਹੈ ਜੋ ਧਰਮ ਅਤੇ ਜਾਤ ਆਧਾਰਿਤ ਕੋਝੀ ਸਿਆਸਤ ਰਾਹੀਂ ਹੋ ਕੇ ਲੰਘਦਾ ਹੈ।

ਲੋਕ ਸਭਾ ਚੋਣਾਂ ਦੇ ਨੇੜੇ ਆ ਕੇ ਜਿਸ ਤਰ੍ਹਾਂ ਦਾ ਮਾਹੌਲ ਦੇਸ਼ ਵਿੱਚ ਬਣਿਆ ਹੈ, ਉਸ ਤੋਂ ਸਾਫ ਹੈ ਕਿ ਇਹ ਚੋਣਾਂ ਖੇਤਰ, ਕੌਮ, ਜਾਤ ਅਤੇ ਧਰਮ ਦੇ ਜਜ਼ਬਾਤ ਦੇ ਸਹਾਰੇ ਲੜੀਆਂ ਜਾਣਗੀਆਂ। ਇਸ ਦੀ ਤਿਆਰੀ ਪਿਛਲੀਆਂ ਲੋਕ ਸਭਾ ਚੋਣਾਂ ਤੋਂ ਤੁਰੰਤ ਬਾਅਦ ਸ਼ੁਰੂ ਕਰ ਦਿੱਤੀ ਗੀਆਂ ਸੀ ਤੇ ਇਨ੍ਹਾਂ ਚੋਣਾਂ ਦੇ ਐਲਾਨ ਤੋਂ ਵੀ ਪਹਿਲਾਂ ਇਨ੍ਹਾਂ ਅਖੌਤੀ ਮਸਲਿਆਂ ਨੂੰ ਭਖਾ ਦਿੱਤਾ ਗਿਆ ਸੀ। ਕਾਲਾ ਧਨ, ਸਮਾਰਟ ਸਿਟੀ ਤੇ ਗਰੀਬੀ ਹਟਾਓ ਵਰਗੇ ਚੁਣਾਨੀ ਜੁਮਲੇ ਇਸ ਵਾਰ ਪਹਿਲਾਂ ਹੀ ਚਰਚਾ ਵਿੱਚੋਂ ਬਾਹਰ ਹਨ ਅਤੇ ਸਿੱਖਿਆ, ਸਿਹਤ, ਨਿਆਂ ਤੇ ਸਮਾਜਿਕ ਸੁਰੱਖਿਆ ਵਰਗੇ ਲੋਕ ਮਸਲਿਆਂ ਦਾ ਤਾਂ ਜ਼ਿਕਰ ਵੀ ਮੁਸ਼ਕਿਲ ਜਾਪਦਾ ਹੈ। ਸਿਆਸਤਦਾਨ ਅਹਿਮ ਲੋਕ ਮਸਲਿਆਂ ਦੁਆਲੇ ਚਿਰਾਂ ਤੋਂ ਸੁਆਰਥ ਦੀ ਖੇਡ, ਖੇਡ ਰਹੇ ਹਨ ਜੋ ਖਤਮ ਹੋਣੀ ਜ਼ਰੂਰੀ ਹੈ। ਹਰ ਰਾਜਸੀ ਪਾਰਟੀ ਦੇ ਆਗੂ ਦੀ ਆਪਣੇ ਬਿਆਨਾਂ, ਵਾਅਦਿਆਂ ਤੇ ਚੋਣ ਮਨੋਰਥ ਪੱਤਰਾਂ ਪ੍ਰਤੀ ਕਾਨੂੰਨ ਦੇ ਸਾਹਮਣੇ ਜੁਆਬਦੇਹ ਹੋਣੀ ਚਾਹੀਦੀ ਹੈ। ਇਹੀ ਜਮਹੂਰੀਅਤ ਦਾ ਸਭ ਤੋਂ ਵੱਡਾ ਸਨਮਾਨ ਹੋਵੇਗਾ।

# ਸਤਯੁੱਗ ਦੇ ਟੋਟੇ

-ਅਰਤਿੰਦਰ ਸੰਧੂ-

ਮੇਰੇ ਸਕੂਲ ਪੜ੍ਹਦੇ ਸਮੇਂ ਭਾਰਤ ਸੇਵਕ ਸਮਾਜ ਵੱਲੋਂ ਪਿੰਡਾਂ ਵਿੱਚ ਕੈਂਪ ਲਾਏ ਜਾਂਦੇ ਸਨ ਤੇ ਦੂਜੇ ਪਿੰਡਾਂ ਤੇ ਸ਼ਹਿਰਾਂ ਦੀਆਂ ਕੁੜੀਆਂ ਨੂੰ ਸਕੂਲਾਂ ਵੱਲੋਂ ਕੈਂਪਾਂ ਵਿੱਚ ਹਿੱਸਾ ਲੈਣ ਭੇਜਿਆ ਜਾਂਦਾ ਸੀ। ਇਉਂ ਵਿਦਿਆਰਥਣਾਂ ਨੂੰ ਕਈ ਕੁਝ ਸਿੱਖਣ ਦਾ ਮੌਕਾ ਮਿਲਦਾ ਸੀ, ਉਨ੍ਹਾਂ ਦੇ ਮਾਪੇ ਵੀ ਆਪਣੀਆਂ ਲੜਕੀਆਂ ਨੂੰ ਅਜਿਹੇ ਕਾਰਜਾਂ ਲਈ ਭੇਜ ਕੇ ਮਾਣ ਮਹਿਸੂਸ ਕਰਦੇ ਸਨ। ਇਨ੍ਹਾਂ ਕਾਰਜਾਂ ਰਾਹੀਂ ਮੁਲਕ ਨੂੰ ਮਿਲੀ ਆਜ਼ਾਦੀ ਦਾ ਸੁਨੇਹਾ ਲੋਕਾਂ ਤੱਕ ਪਹੁੰਚਾਇਆ ਜਾਂਦਾ ਅਤੇ ਚੰਗੀ ਸਿਹਤ ਵਾਸਤੇ ਸਫਾਈ ਦੇ ਮਹੱਤਵ ਨੂੰ ਵੀ ਪ੍ਰਚਾਰਿਆ ਜਾਂਦਾ ਸੀ।

ਉਦੋਂ ਮੈਂ ਨੌਸ਼ਹਿਰਾ ਪੰਨੂਆਂ ਸਕੂਲ ਵਿੱਚ ਸੀ। ਮੈਥੋਂ ਇਕ ਜਮਾਤ ਅੱਗੇ ਪੜ੍ਹਦੀ ਲੜਕੀ ਧਰਵਿੰਦਰ ਅਤੇ ਮੈਨੂੰ ਅਕਸਰ ਸਕੂਲ ਵਾਲਿਆਂ ਵੱਲੋਂ ਅਜਿਹੇ ਕਾਰਜਾਂ ਲਈ ਭੇਜ ਦਿੱਤਾ ਜਾਂਦਾ। ਉਦੋਂ ਮੈਂ ਸੱਤਵੀਂ ਵਿੱਚ ਸਾਂ, ਜਦੋਂ ਸਾਨੂੰ ਦੋਵਾਂ ਜਣੀਆਂ ਨੂੰ ਪਿੰਡ ਲਾਲਪੁਰੇ ਵਿੱਚ ਹਫਤੇ ਭਰ ਦੇ ਕੈਂਪ ਵਿੱਚ ਭਾਗ ਲੈਣ ਵਾਸਤੇ ਭੇਜਿਆ ਗਿਆ। ਸਰਦੀਆਂ ਦੇ ਦਿਨ ਹੋਣ ਕਰ ਕੇ ਰਾਤ ਜਲਦੀ ਪੈ ਜਾਂਦੀ ਸੀ। ਜਿਸ ਦਿਨ ਕੈਂਪ ਖਤਮ ਹੋਇਆ, ਵਿਹਲੇ ਹੁੰਦਿਆਂ-ਹੁੰਦਿਆਂ ਤਿਰਕਾਲਾਂ ਪੈ ਗਈਆਂ ਸਨ। ਨੌਸਹਿਰਾ ਪੰਨੂਆਂ ਦਾ ਗ੍ਰਾਮ ਸੇਵਕ (ਜਿਸ ਦਾ ਨਾਮ ਯਾਦ ਨਹੀਂ) ਸਾਨੂੰ ਲੈਣ ਵਾਸਤੇ ਆਇਆ। ਉਦੋਂ ਬੱਸ ਸਰਵਿਸ ਬਹੁਤ ਘੱਟ ਸੀ। ਸ਼ਾਇਦ ਉਸ ਪਿੰਡ ਇਕ ਅੱਧ ਬੱਸ ਦਿਨੇ ਕਿਸੇ ਵੇਲੇ ਚੱਕਰ ਲਾਉਂਦੀ ਹੋਵੇ, ਸ਼ਾਮ ਵੇਲੇ ਆਵਾਜਾਈ ਦਾ ਕੋਈ ਸਾਧਨ ਨਹੀਂ ਸੀ। ਗ੍ਰਾਮ ਸੇਵਕ ਨੇ ਸਾਨੂੰ ਕਿਹਾ, 'ਤੁਹਾਡੇ ਬੈਗ ਮੈਂ ਇਥੇ ਹੀ ਕਿਤੇ ਰਖਵਾ ਦਿੰਦਾ ਹਾਂ, ਕੱਲ੍ਹ ਤੁਹਾਨੂੰ ਪਹੁੰਚਾ ਦਿਆਂਗਾ।'

ਬੈਗ ਕਿਸੇ ਦੇ ਹੱਥ ਫੜਾ ਕੇ ਉਹ ਸਾਨੂੰ ਦੋਵਾਂ ਨੂੰ ਆਪਣੇ ਸਾਈਕਲ ਉਤੇ ਬਿਠਾ ਕੇ ਲੈ ਤੁਰਿਆ, ਇਕ ਨੂੰ ਅੱਗੇ ਤੇ ਦੂਜੀ ਨੂੰ ਪਿੱਛੇ। ਦੋ ਕੁ ਵਾਰ ਉਸ ਨੇ ਸਾਡੀਆਂ ਆਪਸੀ ਥਾਵਾਂ ਵੀ ਬਦਲੀਆਂ ਤਾਂ ਕਿ ਅੱਗੇ ਬੈਠਣ ਵਾਲੀ ਕੁੜੀ ਬਹੁਤੀ ਨਾ ਥੱਕੇ। ਜਲਦੀ ਹਨੇਰ ਹੋ ਗਿਆ। ਚੰਦਰਮਾ ਦੀ ਮਾੜੀ ਮੋਟੀ ਚਾਨਣੀ ਉਸ ਦਿਨ ਹੈ ਸੀ, ਨਹੀਂ ਤਾਂ ਘੁੱਪ ਹਨੇਰਾ ਹੁੰਦਾ। ਕਦੇ ਵਗਦੇ ਸੂਏ ਦੇ ਕਿਨਾਰੇ ਤੇ ਕਦੀ ਵੀਰਾਨ ਕੱਚੇ ਪਹਿਆਂ ਉਤੇ ਸਾਈਕਲ ਚਲਾਉਂਦਾ ਉਹ ਸਾਨੂੰ ਦੋਵਾਂ ਜਣੀਆਂ ਨੂੰ ਤਰਨ ਤਾਰਨ ਲੈ ਆਇਆ। ਉਦੋਂ ਤਰਨ ਤਾਰਨ ਦਾ ਬੱਸ ਅੱਡਾ ਬਾਜ਼ਾਰ ਦੇ ਸਾਹਮਣੇ ਸ਼ਹਿਰ ਵਿੱਚ ਅਤੇ ਸ਼ਹਿਰ ਦੇ ਇਕੋ ਇਕ ਸਿਨੇਮਾ ਘਰ ਦੇ ਨੇੜੇ ਸੀ। ਉਸ ਨੇ ਸਾਨੂੰ ਬੱਸ ਅੱਡੇ ਸਾਹਮਣੇ ਬਣੇ ਢਾਬਿਆਂ ਵਿੱਚੋਂ ਰੋਟੀ ਖਵਾਈ, ਫਿਰ ਨੌਸ਼ਹਿਰਾ ਪੰਨੂਆ ਜਾਣ ਵਾਸਤੇ ਅੱਡੇ ਬਾਹਰ ਖਲੋਤੀ ਉਸ ਦਿਨ ਦੀ ਆਖਰੀ ਬੱਸ ਵਿੱਚ ਬਿਠਾ ਲਿਆ। ਆਪਣਾ ਸਾਈਕਲ ਉਸ ਨੇ ਬੱਸ ਉਤੇ ਰੱਖ ਦਿੱਤਾ ਸੀ। ਨੌਸ਼ਹਿਰੇ ਜਾ ਕੇ ਬੱਸ ਵਿੱਚੋਂ ਉਤਰਨ ਤੋਂ ਬਾਅਦ ਉਹ ਸਾਨੂੰ ਸਾਡੇ ਘਰੀਂ ਛੱਡਣ ਤੁਰ ਪਿਆ। ਦੂਜੀ ਕੁੜੀ ਦਾ ਘਰ ਬੱਸ ਅੱਡੇ ਦੇ ਨੇੜੇ ਹੀ ਸੀ। ਪਹਿਲਾਂ ਉਸ ਨੂੰ ਘਰ ਪਹੁੰਚਾਇਆ ਤੇ ਫਿਰ ਉਹ ਮੈਨੂੰ ਛੱਡਣ ਤੁਰ ਪਿਆ। ਮੇਰਾ ਘਰ ਸਾਰਾ ਪਿੰਡ ਪਾਰ ਕਰਨ ਪਿੱਛੋਂ ਦੂਜੇ ਪਾਸੇ ਸੀ। ਜਦੋਂ ਘਰ ਪਹੁੰਚੇ ਤਾਂ ਅੱਗੇ ਘਰ ਵਾਲੇ ਸੁੱਤੇ ਪਏ ਸੀ। ਉਨ੍ਹਾਂ ਸਮਝਿਆ ਹੋਣਾ ਹੈ ਕਿ ਸ਼ਾਇਦ ਕੁੜੀਆਂ ਕੱਲ੍ਹ ਵਾਪਸ ਮੁੜਨਗੀਆਂ। ਮੈਂ ਹੀ ਬੂਹਾ ਖੜਕਾ ਕੇ ਸਭ ਨੂੰ ਜਗਾਇਆ। ਮੈਨੂੰ ਘਰਦਿਆਂ ਦੇ ਹਵਾਲੇ ਕਰਕੇ ਉਹ ਭਲਾ ਆਦਮੀ ਵਾਪਸ ਚਲਾ ਗਿਆ। ਅਗਲੇ ਦਿਨ ਸਾਡੇ ਬੈਗ ਵੀ ਸਾਡੇ ਘਰੀਂ ਦੇ ਗਿਆ।

ਅੱਜ ਇਨ੍ਹਾਂ ਗੱਲਾਂ ਬਾਰੇ ਸੋਚਦੀ ਹਾਂ ਤਾਂ ਇਸ ਬਿਰਤਾਂਤ ਦੀਆਂ ਕੜੀਆਂ ਮਨੁੱਖਾਂ ਦੇ ਆਪਸੀ ਯਕੀਨ, ਸੁਹਿਰਦਤਾ ਤੇ ਫਰਜ਼ ਪ੍ਰਤੀ ਇਮਾਨਦਾਰੀ ਦੀ ਤ੍ਰਿਵੈਣੀ ਵਿੱਚ ਆ ਸਿਮਟਦੀਆਂ ਹਨ। ਸਕੂਲ ਵਾਲੇ ਸਿਰਫ ਸਾਨੂੰ ਦੋ ਕੁੜੀਆਂ ਨੂੰ ਕਹਿ ਦਿੰਦੇ ਸਨ ਕਿ ਫਲਾਣੇ ਦਿਨ ਤੁਸੀਂ ਇਸ ਜਗ੍ਹਾ ਇੰਨੇ ਦਿਨਾਂ ਵਾਸਤੇ ਕੈਂਪ ਵਿੱਚ ਹਿੱਸਾ ਲੈਣ ਵਾਸਤੇ ਜਾਣਾ ਹੈ ਤਿਆਰ ਹੋ ਜਾਇਓ। ਘਰ ਦੇ ਬਿਨਾਂ ਕੋਈ ਉਜ਼ਰ ਜਾਂ ਫਿਕਰ ਕੀਤੇ ਸਾਡੀ ਤਿਆਰੀ ਕਰ ਦਿੰਦੇ ਤੇ ਓਪਰੇ ਲੋਕਾਂ ਨਾਲ ਭੇਜ ਦਿੰਦੇ। ਉਦੋਂ ਨਾ ਫੋਨ ਸਨ ਤੇ ਨਾ ਕਿਤੇ ਬਾਹਰ ਜਾਣ ਪਿੱਛੋਂ ਇੰਨੇ ਦਿਨਾਂ ਲਈ ਚਿੱਠੀ ਪੱਤਰੀ ਦੀ ਗੁੰਜਾਇਸ਼ ਹੁੰਦੀ ਸੀ। ਨਾ ਕਦੀ ਘਰ ਦਾ ਕੋਈ ਜੀਅ ਸਾਡੇ ਪਿੱਛੇ ਇਹ ਦੇਖਣ ਆਇਆ ਕਿ ਸਾਡੀਆਂ ਲੜਕੀਆਂ ਕਿੱਥੇ ਤੇ ਕਿਸ ਤਰ੍ਹਾਂ ਰਹਿ ਰਹੀਆਂ ਹਨ। ਬੱਸ ਕੋਈ ਯਕੀਨ ਹੀ ਸੀ ਕਿ ਸਭ ਕੁਝ ਅਤੇ ਸਾਰੇ ਲੋਕ ਸਹੀ ਹਨ ਤੇ ਸਾਡੀਆਂ ਬੱਚੀਆਂ ਨੂੰ ਕੋਈ ਖਤਰਾ ਨਹੀਂ। ਜਿਨ੍ਹਾਂ ਲੋਕਾਂ ਨੂੰ ਸਾਡੀ ਜ਼ਿੰਮੇਵਾਰੀ ਦਿੱਤੀ ਜਾਂਦੀ, ਉਹ ਵੀ ਹਰ ਹਾਲ, ਦਿਨ ਹੋਵੇ ਤੇ ਭਾਵੇਂ ਰਾਤ, ਇਸ ਫਰਜ਼ ਨੂੰ ਨਿਭਾਉਂਦੇ।

ਕਈ ਵਾਰ ਸਕੂਲ ਦਾ ਦਰਜਾ ਚਾਰ ਮੁਲਾਜ਼ਮ ਹੀ ਘਰ ਸੁਨੇਹਾ ਦੇ ਜਾਂਦਾ ਕਿ ਸਕੂਲ ਵੱਲੋਂ ਕੁੜੀਆਂ ਨੂੰ ਫਲਾਨੀ ਥਾਂ ਕੈਂਪ 'ਤੇ ਭੇਜਿਆ ਜਾਣਾ ਹੈ, ਇੰਨੇ ਵਜੇ ਤਿਆਰ ਕਰ ਦੇਣਾ, ਤੇ ਅਸੀਂ ਤਿਆਰ ਹੋ ਜਾਣਾ। ਅੱਜ ਦੇ ਮੁਤਾਬਕ ਸੋਚਦੀ ਹਾਂ ਤਾਂ ਦੁੱਖ ਹੁੰਦਾ ਹੈ ਕਿ ਮਨੁੱਖੀ ਰਿਸ਼ਤਿਆਂ ਦਾ ਤਾਣਾ ਕਿੰਨਾ ਨਿੱਘਰ ਚੁੱਕਾ ਹੈ। ਕੋਈ ਲੜਕੀ ਬਾਹਰ ਕੀ, ਆਪਣੇ ਘਰ ਵਿੱਚ ਵੀ ਸੁਰੱਖਿਅਤ ਨਹੀਂ ਜਾਪਦੀ। ਹਰ ਮਾਂ ਬਾਪ ਆਪਣੀ ਬੱਚੀ ਜਾਂ ਬੱਚੇ ਨੂੰ ਕਿਸੇ ਵੀ ਅਨਜਾਣ ਨਾਲ ਤਾਂ ਕੀ, ਆਪਣੇ ਨਾਲ ਵੀ ਕਿਤੇ ਭੇਜਣ ਤੋਂ ਡਰਨ ਲੱਗਾ ਹੈ। ਉਹ ਸਮਾਂ ਬੀਤਿਆਂ ਅਜੇ ਕੋਈ ਬਹੁਤਾ ਵਕਤ ਨਹੀਂ ਹੋਇਆ ਪਰ ਮਨੁੱਖੀ ਕਦਰਾਂ ਕੀਮਤਾਂ ਲੀਰੋ ਲੀਰ ਹੋ ਗਈਆਂ ਹਨ। ਉਸ ਸਮੇਂ ਨੂੰ ਚਿਤਵਦਿਆਂ ਜਾਪਦਾ ਹੈ ਕਿ ਜਿਸ ਸਤਯੁੱਗ ਦੀਆਂ ਕਹਾਣੀਆਂ ਸੁਣਦੇ ਹਾਂ, ਉਹ ਇਸ ਤੋਂ ਵੱਧ, ਹੋਰ ਕੀ ਹੁੰਦਾ ਹੋਵੇਗਾ! ਸਤਯੁੱਗ ਤਾਂ ਸਾਨੂੰ ਇਸੇ ਤਰ੍ਹਾਂ ਦੇ ਟੋਟਿਆਂ ਵਿੱਚ ਹੀ ਕਦੇ ਕਦਾਈ ਮਿਲ ਜਾਂਦਾ ਹੈ ਬੱਸ!




Dr. Randhawa Dentistry
Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਸੀਵਰੇਜ ਵਿੱਚੋਂ ਗੈਸ ਚੜ੍ਹਨ ਨਾਲ ਦੋ ਸੀਵਰਮੈਨਾਂ ਦੀ ਮੌਤ

ਰਈਆ, 20 ਮਾਰਚ (ਪੋਸਟ ਬਿਊਰੋ)- ਜ਼ਿਲਾ ਅੰਮ੍ਰਿਤਸਰ ਦੇ ਕਸਬਾ ਰਈਆ ਵਿਖੇ ਸੀਵਰੇਜ ਦੀ ਸਫਾਈ ਸਮੇਂ ਗੈਸ ਚੜ੍ਹਨ ਨਾਲ ਦੋ ਮਜ਼ਦੂਰਾਂ ਦੀ ਮੌਤ ਹੋ ਜਾਣ ਦੀ ਖਬਰ ਆਈ ਹੈ। ਮਿਲੀ ਜਾਣਕਾਰੀ ਅਨੁਸਾਰ ਸਫਾਈ ਠੇਕੇਦਾਰ ਕੋਲ ਕੰਮ ਕਰਦੇ ਦੋ ਮਜ਼ਦੂਰ ਜੀ ਟੀ ਰੋਡ ਰਈਆ ਫਲਾਈ ਓਵਰ ਪੁਲ ਨੇੜੇ ਕੱਲ੍ਹ ਬੰਦ ਪਏ ਸੀਵਰੇਜ ਨੂੰ ਸਾਫ ਕਰ ਰਹੇ ਸਨ। ਪਹਿਲਾਂ ਇਕ ਮਜ਼ਦੂਰ ਗਟਰ 'ਚ ਉਤਰਿਆ ਤੇ ਗੈਸ ਚੜ੍ਹਨ ਨਾਲ ਕਰੀਬ 20 ਫੁੱਟ ਡੂੰਘੇ ਸੀਵਰੇਜ 'ਚ ਜਾ ਡਿੱਗਾ। ਉਸ ਨੂੰ ਦੇਖਣ ਦੂਜਾ ਮਜ਼ਦੂਰ ਉਤਰਿਆ ਤਾਂ ਗੈਸ ਚੜ੍ਹਨ ਨਾਲ ਉਹ ਵੀ ਬੇਹੋਸ਼ ਹੋ ਗਿਆ। ਬਾਹਰ ਖੜ੍ਹੇ ਬਾਕੀ ਮਜ਼ਦੂਰਾਂ ਨੇ ਸਥਾਨਕ ਲੋਕਾਂ ਦੀ ਮਦਦ ਨਾਲ ਕਰੀਬ ਅੱਧੇ ਘੰਟੇ ਬਾਅਦ ਦੋਵਾਂ ਨੂੰ ਬਾਹਰ ਕੱਢਿਆ। ਪੁਲਸ ਨੇ ਮਜ਼ਦੂਰਾਂ ਨੂੰ ਸਿਵਲ ਹਸਪਤਾਲ ਬਾਬਾ ਬਕਾਲਾ ਪਹੁੰਚਾਉਣ 'ਚ ਮਦਦ ਕੀਤੀ, ਜਿਥੇ ਡਾਕਟਰਾਂ ਨੇ ਦੋਵਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ।

## ਲੋਕਲ ਬਾਡੀਜ਼ ਵਿਭਾਗ ਦੇ ਭ੍ਰਿਸ਼ਟਾਚਾਰ ਤੋਂ ਤੰਗ ਨਾਭਾ ਕੌਂਸਲ ਦੇ ਈ ਓ ਦਾ ਅਸਤੀਫਾ

*** ਕੈਬਨਿਟ ਮੰਤਰੀ ਨਵਜੋਤ ਸਿੱਧੂ ਦੇ ਪੀ ਏ ਉੱਤੇ ਗੰਭੀਰ ਦੋਸ਼ ਲਾਏ**



ਨਾਭਾ, 20 ਮਾਰਚ (ਪੋਸਟ ਬਿਊਰੋ)- ਇਸ ਸ਼ਹਿਰ ਦੀ ਕਰੀਬ 25 ਕਰੋੜ ਰੁਪਏ ਸਾਲਾਨਾ ਬਜਟ ਵਾਲੀ ਕੌਂਸਲ ਦੇ ਈ ਓ (ਕਾਰਜ ਸਾਧਕ ਅਫਸਰ) ਰਾਕੇਸ਼ ਕੁਮਾਰ ਨੇ ਕੱਲ੍ਹ ਅਚਾਨਕ ਪੰਜਾਬ ਦੇ ਲੋਕਲ ਬਾਡੀਜ਼ ਵਿਭਾਗ ਦੀ ਗਜ਼ਟਿਡ ਅਫਸਰ ਦੀ ਨੌਕਰੀ ਤੋਂ ਅਸਤੀਫਾ ਦੇ ਕੇ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਜਲੂਸ ਕੱਢ ਦਿੱਤਾ ਹੈ।

ਪ੍ਰਿੰਸੀਪਲ ਸੈਕਟਰੀ ਲੋਕਲ ਬਾਡੀਜ਼ ਵਿਭਾਗ ਨੂੰ ਆਪਣੀ ਨੌਕਰੀ ਤੋਂ ਸਵੈ-ਇੱਛਤ ਰਿਟਾਇਰਮੈਂਟ ਬਾਰੇ ਪੱਤਰ ਭੇਜ ਕੇ ਰਾਕੇਸ਼ ਕੁਮਾਰ ਲਿਖਿਆ ਹੈ ਕਿ ਮੇਰੇ ਉੱਤੇ ਕੰਮ-ਕਾਜ ਦਾ ਬਹੁਤ ਬੋਝ ਹੈ, ਨਾਭਾ, ਭਵਾਨੀਗੜ੍ਹ ਅਤੇ ਅਮਰਗੜ੍ਹ ਨਗਰ ਕੌਂਸਲਾਂ ਦਾ ਚਾਰਜ ਵੀ ਮੇਰੇ ਕੋਲ ਹੈ। ਨਾਭਾ ਜ਼ਿਲ੍ਹਾ ਪਟਿਆਲਾ ਵਿੱਚ ਅਤੇ ਦੂਜੀਆਂ ਦੋ ਕੌਂਸਲਾਂ ਸੰਗਰੂਰ ਜ਼ਿਲ੍ਹੇ ਵਿੱਚ ਹਨ। ਤਿੰਨ ਕਮੇਟੀਆਂ ਕਾਰਨ ਮੇਰੇ 'ਤੇ ਹਰ ਸਮੇਂ ਦਬਾਅ ਰਹਿੰਦਾ ਹੈ। ਮੀਟਿੰਗਾਂ ਵਿੱਚ ਗੈਰ-ਹਾਜ਼ਰ ਅਤੇ ਦਫਤਰੀ ਕੰਮ-ਕਾਜ ਸਹੀ ਢੰਗ ਨਾਲ ਅਤੇ ਸਮੇਂ ਸਿਰ ਨਾ ਕਰਨ ਦੀ ਸਮੱਸਿਆ ਹੋ ਰਹੀ ਹੈ। ਨਾਲ ਉਨ੍ਹਾਂ ਨੇ ਲਿਖਿਆ ਹੈ ਕਿ ਹੈਡ ਆਫਿਸ ਤੋਂ ਰਿਸ਼ਵਤ ਮੰਗੀ ਜਾਂਦੀ ਹੈ। ਕੌਂਸਲ ਵਿੱਚ ਗਲਤ ਕੰਮ ਕਰਨ ਲਈ ਦਬਕੇ ਵੱਜਦੇ ਹਨ। ਇਹ ਸਭ ਕੁਝ ਲੋਕਲ ਬਾਡੀਜ਼ ਮੰਤਰੀ ਦੇ ਪੀ ਏ ਕਾਰਨ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮੈਂ ਕਿਸੇ ਅਫਸਰ ਜਾਂ ਸਿਆਸੀ ਆਗੂ ਦੇ ਨਾਲ ਤਣਾਅ ਨਹੀਂ ਰੱਖਣਾ ਚਾਹੁੰਦਾ, ਇਸ ਲਈ ਨੌਕਰੀ ਤੋਂ ਸੇਵਾਮੁਕਤੀ ਮੰਗ ਰਿਹਾ ਹਾਂ।

ਨਾਭਾ ਕੌਂਸਲ ਦੇ ਈ ਓ ਰਾਕੇਸ਼ ਕੁਮਾਰ ਨੇ ਦੱਸਿਆ ਕਿ 'ਮੈਂ ਨਗਰ ਕੌਂਸਲ ਨਾਭਾ ਦੇ ਦਫਤਰ ਵਿੱਚ ਪਿਛਲੇ ਤਿੰਨ ਮਹੀਨਿਆਂ ਤੋਂ ਬਹੁਤ ਪਰੇਸ਼ਾਨ ਹਾਂ, ਮੇਰਾ ਕਮੇਟੀ ਦਫਤਰ ਵਿੱਚ ਦਾਖਲ ਹੋਣਾ ਔਖਾ ਹੋ ਗਿਆ ਸੀ। ਮੈਨੂੰ ਆਪਣੀ ਜਾਨ ਦਾ ਖਤਰਾ ਸੀ। ਨਗਰ ਕੌਂਸਲ ਦਾ ਸਭ ਸਿਸਟਮ ਵਿਗੜ ਚੁੱਕਾ ਸੀ। ਕੱਚੇ ਮੁਲਾਜ਼ਮਾਂ ਨੂੰ ਸਮੇਂ ਸਿਰ ਪੱਕਾ ਨਹੀਂ ਕੀਤਾ ਗਿਆ। ਚੋਣ ਜ਼ਾਬਤੇ ਕਾਰਨ ਮੈਂ ਗਲਤ ਕੰਮ ਨਹੀਂ ਕਰ ਸਕਦਾ ਸੀ। ਕੌਂਸਲ ਵਿੱਚ ਮੈਨੂੰ ਧਮਕੀਆਂ ਮਿਲਦੀਆਂ ਹਨ। ਜਿਹੜੇ ਕੰਮ ਮੈਂ ਨਹੀਂ ਕਰ ਸਕਦਾ ਜਾਂ ਮੇਰੀ ਜ਼ਮੀਰ ਇਜਾਜ਼ਤ ਨਹੀਂ ਦਿੰਦੀ, ਮੈਂ ਜਵਾਬ ਦੇ ਦਿੰਦਾ ਸੀ। ਮਾਨਸਿਕ ਪੱਖੋਂ ਪ੍ਰੇਸ਼ਾਨ ਹੋ ਕੇ ਮੈਂ ਰਿਟਾਇਰਮੈਂਟ ਸਮੇਂ ਤੋਂ ਚਾਰ ਸਾਲ ਪਹਿਲਾਂ ਆਪਣਾ ਪੱਤਰ ਪ੍ਰਿੰਸੀਪਲ ਸੈਕਟਰੀ ਨੂੰ ਭੇਜ ਦਿੱਤਾ ਹੈ।'

## ਭਾਜਪਾ ਦੀ ਚੋਣ ਮੀਟਿੰਗ ਵਿੱਚ ਅੰਮ੍ਰਿਤਸਰ ਤੋਂ ਕ੍ਰਿਕਟਰ ਭੱਜੀ ਦਾ ਨਾਂਅ ਭੇਜਣ ਦੀ ਚਰਚਾ




ਚੰਡੀਗੜ੍ਹ, 20 ਮਾਰਚ (ਪੋਸਟ ਬਿਊਰੋ)- ਅਕਾਲੀ ਦਲ ਨਾਲ ਚੋਣ ਸਮਝੌਤੇ ਕਾਰਨ ਪੰਜਾਬ ਦੀ ਭਾਰਤੀ ਜਨਤਾ ਪਾਰਟੀ ਆਪਣੇ ਹਿੱਸੇ ਦੀਆਂ ਤਿੰਨ ਲੋਕ ਸਭਾ ਸੀਟਾਂ ਉੱਤੇ ਵੱਡੇ ਚਿਹਰੇ ਪੇਸ਼ ਕਰਨ ਦੀ ਤਿਆਰੀ ਵਿੱਚ ਹੈ।

ਕੱਲ੍ਹ ਭਾਜਪਾ ਦਫਤਰ ਵਿੱਚ ਹੋਈ ਚੋਣ ਕਮੇਟੀ ਦੀ ਬੈਠਕ ਵਿੱਚ ਉਮੀਦਵਾਰਾਂ ਬਾਰੇ ਲੰਬੀ ਚਰਚਾ ਕੀਤੀ ਗਈ ਤਾਂ ਅੰਮ੍ਰਿਤਸਰ ਅਤੇ ਗੁਰਦਾਸਪੁਰ ਸੀਟ ਤੋਂ ਸੈਲੀਬ੍ਰਿਟੀ ਦੇ ਨਾਵਾਂ 'ਤੇ ਵੱਧ ਫੋਕਸ ਰਿਹਾ। ਭਾਜਪਾ ਦੇ ਪੰਜਾਬ ਦੇ ਪ੍ਰਧਾਨ ਸ਼ਵੇਤ ਮਲਿਕ ਦੀ ਅਗਵਾਈ ਵਿੱਚ ਹੋਈ ਇਹ ਬੈਠਕ ਲਗਭਗ ਇੱਕ ਘੰਟਾ ਚੱਲੀ। ਇਸ ਬੈਠਕ ਵਿੱਚ ਅੰਮ੍ਰਿਤਸਰ ਸੀਟ ਦੇ ਲਈ ਕ੍ਰਿਕਟ ਖਿਡਾਰੀ ਹਰਭਜਨ ਸਿੰਘ, ਫਿਲਮ ਅਭਿਨੇਤਾ ਸੰਨੀ ਦਿਓਲ, ਪੂਨਮ ਢਿੱਲੋਂ ਦੇ ਇਲਾਵਾ ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸ਼ੀ ਦੇ ਨਾਂਅ ਉੱਤੇ ਵੀ ਚਰਚਾ ਹੋਈ। ਗੁਰਦਾਸਪੁਰ ਹਲਕੇ ਲਈ ਮਰਹੂਮ ਵਿਨੋਦ ਖੰਨਾ ਦੀ ਪਤਨੀ ਕਵਿਤਾ ਖੰਨਾ ਅਤ ਬੇਟੇ ਅਕਸ਼ੈ ਖੰਨਾ ਦੇ ਨਾਂਅ 'ਤੇ ਵਿਚਾਰ ਕੀਤਾ ਗਿਆ। ਸਭ ਤੋਂ ਹੈਰਾਨੀ ਵਾਲੀ ਚਰਚਾ ਹੁਸ਼ਿਆਰਪੁਰ ਸੀਟ ਦੀ ਹੋਈ, ਜਿੱਤੋਂ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਦੇ ਨਾਲ ਉਨ੍ਹਾਂ ਦੇ ਪੱਕੇ ਵਿਰੋਧੀ ਅਤੇ ਫਗਵਾੜਾ ਦੇ ਵਿਧਾਇਕ ਸੋਮ ਪ੍ਰਕਾਸ਼ ਦਾ ਨਾਂਅ ਵੀ ਆਇਆ ਅਤੇ ਸ਼ਡਿਊਲਡ ਕਾਸਟ ਕਮਿਸ਼ਨ ਦੇ ਨੇਤਾ ਰਾਜੇਸ਼ ਬਾਘਾ ਦਾ ਨਾਂਅ ਵੀ ਚਰਚਿਤ ਰਿਹਾ।

ਅੰਮ੍ਰਿਤਸਰ ਸੀਟ ਤੋਂ ਹਰਭਜਨ ਸਿੰਘ ਦਾ ਨਾਂਅ ਆਉਣਾ ਵੀ ਕਾਫੀ ਹੈਰਾਨੀ ਵਾਲਾ ਹੈ। ਹਰਭਜਨ ਸਿੰਘ ਕਈ ਵਾਰ ਰਾਜਨੀਤੀ ਵਿੱਚ ਨਾ ਆਉਣ ਦੀ ਗੱਲ ਕਹਿ ਚੁੱਕੇ ਹਨ। ਪੂਨਮ ਢਿੱਲੋਂ ਪਹਿਲਾਂ ਹੀ ਅੰਮ੍ਰਿਤਸਰ ਤੋਂ ਚੋਣ ਲੜਨ ਦੀ ਇੱਛਾ ਜ਼ਾਹਰ ਕਰ ਚੁੱਕੀ ਹੈ। ਸੰਨੀ ਦਿਓਲ ਦਾ ਨਾਂਅ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਚੋਣ ਦ ਨੇਤਾਵਾਂ ਨੇ ਰਾਏ ਤੇ ਪੈਨਲ ਬਣਾ ਕੇ ਪਾਰਲੀਮੈਂਟਰੀ ਬੋਰਡ ਨੂੰ ਭੇਜਣ ਦੀ ਤਿਆਰੀ ਕੀਤੀ ਹੈ।

## ਕਰਤਾਰਪੁਰ ਸਾਹਿਬ ਦਾ ਸਰੋਵਰ 9868 ਵਰਗ ਫੁੱਟ ਦਾ ਬਣੇਗਾ

ਅੰਮ੍ਰਿਤਸਰ, 20 ਮਾਰਚ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਲਾਂਘੇ ਦੀ ਉਸਾਰੀ ਦੌਰਾਨ ਗੁਰਦੁਆਰਾ ਦਰਬਾਰ ਸਾਹਿਬ (ਸ੍ਰੀ ਕਰਤਾਰਪੁਰ ਸਾਹਿਬ) ਤੋਂ ਥੋੜ੍ਹੀ ਦੂਰ ਬਣਾਏ ਜਾ ਰਹੇ ਸਰੋਵਰ ਦੀ ਜ਼ਿੰਮੇਵਾਰੀ ਲਾਹੌਰ ਦੀ ਵੇਵਜ਼ ਐਸੋਸੀਏਟ ਕੰਪਨੀ ਨੂੰ ਸੌਂਪੀ ਗਈ ਹੈ। ਮਿਲੀ ਜਾਣਕਾਰੀ ਅਨੁਸਾਰ ਸਾਲ 1996 ਵਿੱਚ ਬਣੀ ਇਹ ਕੰਪਨੀ ਲਾਹੌਰ, ਮੁਲਤਾਨ, ਰਾਵਲਪਿੰਡੀ ਅਤੇ ਹੋਰ ਸ਼ਹਿਰਾਂ ਵਿੱਚ ਕਈ ਉਚ ਮਿਆਰੀ ਸਵੀਮਿੰਗ ਪੂਲ ਅਤੇ 'ਵਾਟਰ ਪਿਊਰੀਫਕੇਸ਼ਨ ਪਲਾਂਟ' ਲਾ ਚੁੱਕੀ ਹੈ। ਕੰਪਨੀ ਪ੍ਰਬੰਧਕਾਂ ਦੇ ਅਨੁਸਾਰ 9868 ਵਰਗ ਫੁੱਟ ਵਿੱਚ ਬਣਨ ਵਾਲੇ ਸਰੋਵਰ ਦੇ ਅੱਧੇ ਹਿੱਸੇ 'ਚ ਔਰਤਾਂ ਦੇ ਇਸ਼ਨਾਨ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਸਰੋਵਰ 'ਚ ਬਕਾਇਦਾ ਜਲ ਸਾਫ ਰੱਖਣ ਵਾਲਾ ਪਲਾਂਟ ਵੀ ਲਾਇਆ ਜਾ ਰਿਹਾ ਹੈ। ਡਿਵੈਲਪਮੈਂਟ ਆਫ ਕਰਤਾਰਪੁਰ ਕੋਰੀਡੋਰ ਪ੍ਰਾਜੈਕਟ ਹੇਠ ਚੱਲਦੀ ਉਸਾਰੀ ਵਿੱਚ ਅਗਸਤ ਅੰਤ ਤੱਕ ਸਰੋਵਰ ਦਾ ਕੰਮ ਮੁਕੰਮਲ ਹੋ ਜਾਵੇਗਾ ਅਤੇ ਦਰਿਆ ਰਾਵੀ ਦਾ ਪੁਲ 21 ਅਗਸਤ ਤੱਕ ਮੁਕੰਮਲ ਹੋ ਜਾਣਾ ਹੈ। ਇਸੇ ਤਰ੍ਹਾਂ ਕਰਤਾਰਪੁਰ ਲਾਂਘੇ ਲਈ ਗੁਰਦੁਆਰਾ ਸਾਹਿਬ ਤੋਂ ਭਾਰਤੀ ਬਾਰਡਰ ਟਰਮੀਨਲ ਤੱਕ ਬਣ ਰਹੀ ਸੜਕ ਦੀ ਉਸਾਰੀ ਦਾ ਕੰਮ 31 ਅਗਸਤ ਤੱਕ ਅਤੇ ਬਾਰਡਰ ਟਰਮੀਨਲ ਦੀ ਉਸਾਰੀ 31 ਜੁਲਾਈ ਤੱਕ ਮੁਕੰਮਲ ਹੋ ਜਾਵੇਗਾ। ਇਸ ਦੇ ਇਲਾਵਾ ਦਰਿਆ ਰਾਵੀ ਵਿੱਚ ਆਉਂਦੇ ਹੜ੍ਹਾਂ ਦੇ ਕਾਰਨ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਪਾਣੀ ਤੋਂ ਬਚਾਉਣ ਲਈ ਦਰਿਆ 'ਤੇ ਬੰਨ੍ਹ ਬਣਾਉਣ ਦਾ ਕੰਮ ਵੀ ਲਗਭਗ ਹੋ ਚੁੱਕਾ ਹੈ। ਉਸਾਰੀ ਕਰਦੀਆਂ ਕੰਪਨੀਆਂ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਉਸਾਰੀ ਦੇ ਸਾਰੇ ਕੰਮ 31 ਅਗਸਤ ਤੱਕ ਮੁਕੰਮਲ ਹੋ ਜਾਣਗੇ ਤਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੂਰਬ ਮੌਕੇ ਭਾਰਤੀ ਸਿੱਖ ਸੰਗਤ ਬਿਨਾਂ ਕਿਸੇ ਰੁਕਾਵਟ ਦੇ ਗੁਰਦੁਆਰਾ ਸਾਹਿਬ ਪਹੁੰਚ ਕੇ ਖੁੱਲ੍ਹੇ ਦਰਸ਼ਨ ਦੀਦਾਰ ਕਰ ਸਕੇ।

ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਪਾਕਿ ਸਰਕਾਰ ਵੱਲੋਂ ਖਰੀਦੀ ਜਾਣ ਵਾਲੀ 1076 ਏਕੜ ਜ਼ਮੀਨ ਵਿੱਚੋਂ 300 ਏਕੜ 'ਚ ਵੱਖ-ਵੱਖ ਤਰ੍ਹਾਂ ਦੇ ਛਾਂ-ਦਾਰ ਅਤੇ ਖੂਬਸੂਰਤ ਪੌਦੇ ਲਾਏ ਜਾਣਗੇ ਤੇ 100 ਏਕੜ ਵਿੱਚ ਕਣਕ ਤੇ ਮੱਕੀ ਦੀ ਬਿਜਾਈ ਦੇ ਨਾਲ ਝੋਨੇ ਦੀ ਪਨੀਰੀ ਅਤੇ ਮੌਸਮੀ ਸਬਜ਼ੀਆਂ ਬੀਜੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ 104 ਏਕੜ ਜ਼ਮੀਨ 'ਤੇ ਅੱਜ ਵੀ ਜੈਵਿਕ ਖੇਤੀ ਕੀਤੀ ਜਾ ਰਹੀ ਹੈ।

## ਬਲੈਰੋ ਵਿੱਚ ਸਨ 25 ਲੋਕ, ਟਾਇਰ ਪਾਟ ਕੇ ਰੇਲਿੰਗ ਨਾਲ ਵੱਜ ਕੇ ਦੋ ਮੌਤਾਂ

ਪਟਿਆਲਾ, 20 ਮਾਰਚ (ਪੋਸਟ ਬਿਊਰੋ)- ਸੰਗਰੂਰ-ਪਟਿਆਲਾ ਰੋਡ 'ਤੇ ਗੁਰਦੁਆਰਾ ਮਸਤੂਆਣਾ ਦੇ ਨੇੜੇ ਪੁਲ ਉੱਤੇ ਪਟਿਆਲਾ ਕੋਰਟ ਵਿੱਚ ਪੇਸ਼ੀ ਭੁਗਤਣ ਜਾਂਦੇ 25 ਲੋਕਾਂ ਨਾਲ ਭਰੀ ਬਲੈਰੋ ਦਾ ਟਾਇਰ ਪਾਟ ਗਿਆ। ਇਸ ਨਾਲ ਚਾਲਕ ਦਾ ਸੰਤੁਲਨ ਵਿਗੜਨ ਕਾਰਨ ਬਲੈਰੋ ਰੇਲਿੰਗ ਨਾਲ ਜਾ ਵੱਜੀ ਤੇ ਦੋ ਜਣਿਆਂ ਦੀ ਮੌਤ ਹੋ ਗਈ। ਬਲੈਰੋ ਵਿੱਚ 10 ਔਰਤਾਂ ਅਤੇ 15 ਮਰਦ ਸਨ। ਮ੍ਰਿਤਕਾਂ ਦੀ ਪਛਾਣ ਸ਼ਨੀ (34) ਚਾਲਕ, ਰਵੀ (25) ਕੰਡਕਟਰ ਤੇ ਜ਼ਖਮੀਆਂ ਦੀ ਪਛਾਣ ਰੌਕੀ, ਰਮਾ, ਦਰਸ਼ਨ, ਸ਼ਨੀ ਅਤੇ ਕਰਣ ਵਾਸੀ ਪੱਤੀ ਰੋਡ, ਬਰਨਾਲਾ ਵਜੋਂ ਹੋਈ ਹੈ।

ਮ੍ਰਿਤਕ ਰਵੀ ਦੇ ਚਾਚਾ ਸੋਹਣ ਲਾਲ ਨੇ ਦੱਸਿਆ ਕਿ ਉਹ ਕਬਾੜ ਦਾ ਕੰਮ ਕਰਦੇ ਹਨ, ਤਿੰਨ ਸਾਲ ਪੁਰਾਣੇ ਕੇਸ ਦੇ ਸਿਲਸਿਲੇ ਵਿੱਚ ਪਟਿਆਲਾ ਕੋਰਟ ਵਿੱਚ ਪੇਸ਼ੀ ਭੁਗਤਣ ਲਈ ਬਲੈਰੋ ਵਿੱਚ ਚੱਲੇ ਸਨ ਕਿ ਸੰਗਰੂਰ ਰੋਡ 'ਤੇ ਮਸਤੂਆਣਾ ਗੁਰਦੁਆਰਾ ਦੇ ਨੇੜੇ ਪੁਲ 'ਤੇ ਟਾਇਰ ਪਾਟਣ ਨਾਲ ਗੱਡੀ ਰੇਲਿੰਗ ਨਾਲ ਜਾ ਵੱਜੀ। ਰਾਹਗੀਰਾਂ ਨੇ ਜ਼ਖਮੀਆਂ ਨੂੰ ਸੰਗਰੂਰ ਦੇ ਸਰਕਾਰੀ ਹਸਪਤਾਲ ਭਰਤੀ ਕਰਾਇਆ।

## ਕਾਂਗਰਸੀ ਐਮ ਪੀ ਚੌਧਰੀ ਸੰਤੋਖ ਸਿੰਘ ਸਟਿੰਗ ਅਪਰੇਸ਼ਨ ਦੌਰਾਨ ਫਸੇ

ਜਲੰਧਰ, 20 ਮਾਰਚ (ਪੋਸਟ ਬਿਊਰੋ)- ਇਕ ਟੀ ਵੀ ਚੈਨਲ ਵੱਲੋਂ ਕੀਤੇ ਸਟਿੰਗ ਅਪਰੇਸ਼ਨ 'ਚ ਜਲੰਧਰ ਦੇ ਪਾਰਲੀਮੈਂਟ ਹਲਕੇ ਤੋਂ ਚੁਣੇ ਹੋਏ ਐੱਮ ਪੀ ਸੰਤੋਖ ਸਿੰਘ ਨੂੰ ਚੋਣ ਫੰਡ ਦੇਣ ਉੱਤੇ ਚੋਣ ਜਿੱਤਣ ਪਿੱਛੋਂ ਕੰਮ ਕਰਾਉਣ ਦੀ ਗੱਲ ਕਰਦੇ ਦਿਖਾਇਆ ਗਿਆ ਹੈ। ਇਹ ਸਟਿੰਗ ਦਿਖਾਏ ਜਾਣ ਨਾਲ ਕਾਂਗਰਸ ਵਿੱਚ ਹਲਚਲ ਮੱਚ ਗਈ ਹੈ।

ਇਸ ਨਾਲ ਚੌਧਰੀ ਸੰਤੋਖ ਸਿੰਘ ਵਿਰੋਧੀ ਧਿਰ ਦੇ ਨਿਸ਼ਾਨੇ 'ਤੇ ਆ ਗਏ, ਪਰ ਕਾਂਗਰਸ ਦਾ ਇਕ ਧੜਾ ਉਨ੍ਹਾਂ ਉਤੇ ਲੱਗੇ ਦਾਗ ਕਾਰਨ ਖੁਸ਼ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੌਧਰੀ ਸੰਤੋਖ ਸਿੰਘ ਵਿਰੁੱਧ ਅਪਰਾਧਿਕ ਕੇਸ ਦਰਜ ਕਰਕੇ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।

ਪਤਾ ਲੱਗਾ ਹੈ ਕਿ ਇਹ ਸਟਿੰਗ ਅਪਰੇਸ਼ਨ ਚੌਧਰੀ ਸੰਤੋਖ ਸਿੰਘ ਦੀ ਦਿੱਲੀ ਦੀ ਸਰਕਾਰੀ ਰਿਹਾਇਸ਼ ਦਾ ਹੈ। ਇਸ ਵਿੱਚ ਚੌਧਰੀ ਸੰਤੋਖ ਸਿੰਘ ਇਹ ਕਹਿੰਦੇ ਵਿਖਾਈ ਦੇਂਦੇ ਹਨ ਕਿ ਉਨ੍ਹਾਂ ਦੀ ਚੋਣ ਵਿੱਚ ਪੈਸੇ ਲਾਓ, ਜਦੋਂ ਉਹ ਸੱਤਾ ਵਿੱਚ ਆਏ ਤਾਂ ਉਨ੍ਹਾਂ (ਸਵਾਲ ਪੁੱਛਣ ਵਾਲੇ) ਦੇ ਪੈਸੇ ਦਾ ਖਿਆਲ ਰੱਖਿਆ ਜਾਵੇਗਾ। ਚੌਧਰੀ ਸੰਤੋਖ ਸਿੰਘ ਇਹ ਵੀ ਕਹਿੰਦੇ ਸੁਣ ਰਹੇ ਹਨ ਕਿ ਨੋਟਬੰਦੀ ਨਾਲ ਬਹੁਤ ਕੰਮ ਖਰਾਬ ਹੋ ਗਿਆ ਹੈ।

## ਇੱਕ ਕਰੋੜ ਦੀ ਪੁਰਾਣੀ ਕਰੰਸੀ ਤੇ ਪਿਸਟਲ ਸਮੇਤ ਤਿੰਨ ਕਾਬੂ



ਪਟਿਆਲਾ, 20 ਮਾਰਚ (ਪੋਸਟ ਬਿਊਰੋ)- ਅਗਲੇ ਦਿਨੀਂ ਹੋਣ ਵਾਲੀਆਂ ਲੋਕ ਸਭਾ ਚੋਣਾਂ ਕਾਰਨ ਰਾਜਪੁਰਾ ਵਿੱਚ ਕੀਤੀ ਨਾਕੇਬੰਦੀ ਦੌਰਾਨ ਪੁਲਸ ਨੇ ਤਿੰਨ ਜਣਿਆਂ ਨੂੰ ਨਕਦੀ ਅਤੇ ਹਥਿਆਰਾਂ ਸਣੇ ਫੜਿਆ ਅਤੇ ਉਨ੍ਹਾਂ ਕੋਲੋਂ ਇੱਕ ਕਰੋੜ ਰੁਪਏ ਦੀ ਪੁਰਾਣੀ ਕਰੰਸੀ, ਇੱਕ ਲੱਖ 54 ਹਜ਼ਾਰ ਰੁਪਏ ਦੀ ਨਵੀਂ ਕਰੰਸੀ ਦੇ ਨਾਲ ਇੱਕ ਪਿਸਟਲ ਤੇ 13 ਕਾਰਤੂਸ ਬਰਾਮਦ ਕੀਤੇ ਹਨ। ਉਨ੍ਹਾਂ ਕੋਲੋਂ ਨੌਂ ਚੱਲੇ ਹੋਏ ਕਾਰਤੂਸਾਂ ਦੇ ਖੋਲ ਵੀ ਮਿਲੇ ਹਨ।

ਇਸ ਸੰਬੰਧ ਵਿੱਚ ਐੱਸ ਐੱਸ ਪੀ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਬਰਾਮਦ ਕੀਤੀ ਰਕਮ ਵਿੱਚ 85 ਲੱਖ ਰੁਪਏ 1000 ਦੇ ਨੋਟ ਅਤੇ 15 ਲੱਖ ਰੁਪਏ 500 ਦੇ ਪੁਰਾਣੇ ਨੋਟ ਹਨ, ਜਿਹੜੇ ਬੰਦ ਹੋ ਚੁੱਕੇ ਹਨ। ਰਾਜਪੁਰਾ ਦੇ ਮਿਡਵੇ ਢਾਬਾ ਨੇੜੇ ਡੀ ਐਸਪੀ ਰਾਜਪੁਰਾ ਦੀ ਸੁਪਰਵਿਜ਼ਨ ਵਿੱਚ ਕੀਤੀ ਨਾਕਾਬੰਦੀ ਦੌਰਾਨ ਨਾਕਾ ਦੇਖ ਕੇ ਹਰਿਆਣਾ ਵੱਲੋਂ ਆਈ ਇੱਕ ਵਰਨਾ ਕਾਰ ਨੇ ਪਿੱਛੇ ਮੁੜਨ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਪੁਲਸ ਨੇ ਉਨ੍ਹਾਂ ਨੂੰ ਫੜ ਲਿਆ। ਫੜੇ ਨੌਜਵਾਨਾਂ ਦੀ ਪਛਾਣ ਕੰਵਰਜੀਤ ਸਿੰਘ ਪਿੰਡ ਗੋਪੁਰ ਕੁਰੂਕਸ਼ੇਤਰ, ਮੁਸਤਕੀਮ ਵਾਸੀ ਮੌਲੀ ਜਾਗਰਾਂ (ਚੰਡੀਗੜ੍ਹ) ਅਤੇ ਬਲਦੇਵ ਕੁਮਾਰ ਵਾਸੀ ਰੂਪਨਗਰ ਅੰਬਾਲਾ ਕੈਂਟ (ਹਰਿਆਣਾ) ਵਜੋਂ ਹੋਈ ਹੈ। ਪੁਲਸ ਨੇ ਨਕਦੀ ਬਾਰੇ ਇਨਕਮ ਟੈਕਸ ਵਿਭਾਗ ਨੂੰ ਸੂਚਿਤ ਕਰ ਦਿੱਤਾ ਅਤੇ ਪੁਰਾਣੀ ਕਰੰਸੀ ਦੀ ਬਰਾਮਦਗੀ 'ਤੇ ਤਿੰਨਾਂ ਦੇ ਖਿਲਾਫ ਰਾਜਪੁਰਾ ਵਿੱਚ ਅਪਰਾਧਕ ਮਾਮਲਾ ਵੀ ਦਰਜ ਕੀਤਾ ਹੈ। ਐੱਸ ਐੱਸ ਪੀ ਨੇ ਦੱਸਿਆ ਕਿ ਹਥਿਆਰ ਬਾਰੇ ਦੋਸ਼ੀਆਂ ਨੇ ਕਿਹਾ ਹੈ ਕਿ ਇਹ ਉਨ੍ਹਾਂ ਦਾ ਆਪਣਾ ਹੈ, ਪ੍ਰੰਤੂ ਉਹ ਇਸ ਦਾ ਲਾਇਸੈਂਸ ਨਹੀਂ ਦਿਖਾ ਸਕੇ।

## 'ਆਪ' ਵੱਲੋਂ ਸਿੰਗਲਾ ਖਿਲਾਫ ਕਾਰਵਾਈ ਦੀ ਮੰਗ

ਚੰਡੀਗੜ੍ਹ, 20 ਮਾਰਚ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਇੱਕ ਵਫਦ ਨੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ ਕੱਲ੍ਹ ਪੰਜਾਬ ਦੇ ਮੁੱਖ ਚੋਣ ਅਫਸਰ ਐੱਸ ਕਰੁਣਾ ਰਾਜੂ ਨਾਲ ਮੁਲਾਕਾਤ ਨੇ ਅਧਿਕਾਰਾਂ ਦੀ ਦੁਰਵਰਤੋਂ ਦੇ ਦੋਸ਼ ਹੇਠ ਜ਼ਾਬਤੇ ਦੀ ਉਲੰਘਣਾ ਲਈ ਕੈਬਨਿਟ ਮੰਤਰੀ ਵਿਜੇ ਇੰਦਰ ਸਿੰਗਲਾ ਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਇੱਕ ਲਿਖਤੀ ਪੱਤਰ ਨਾਲ ਉਨ੍ਹਾਂ ਦੱਸਿਆ ਕਿ ਵਿਜੇ ਇੰਦਰ ਸਿੰਗਲਾ, ਜੋ ਸੰਗਰੂਰ ਤੋਂ ਵਿਧਾਇਕ ਤੇ ਪੰਜਾਬ ਸਰਕਾਰ ਵਿੱਚ ਮੰਤਰੀ ਹੋਣ ਦੇ ਨਾਲ ਸੰਗਰੂਰ ਪਾਰਲੀਮੈਂਟ ਹਲਕੇ ਤੋਂ ਕਾਂਗਰਸ ਦੇ ਸੰਭਾਵੀ ਉਮੀਦਵਾਰ ਵੀ ਹਨ, ਨੇ ਸੰਗਰੂਰ ਖੇਤਰ ਵਿੱਚ ਆਪਣੇ ਦੌਰੇ ਦੌਰਾਨ ਨਵੇਂ ਵਾਅਦੇ ਕੀਤੇ ਹਨ। ਪਾਰਟੀ ਦਾ ਕਹਿਣਾ ਹੈ ਕਿ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਸਰਕਾਰ ਨਾਲ ਸੰਬੰਧਤ ਕੋਈ ਵੀ ਨਵਾਂ ਐਲਾਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਮੰਤਰੀ ਵਿਜੇ ਇੰਦਰਾ ਸਿੰਗਲਾ ਨੇ ਸੰਗਰੂਰ ਦੌਰੇ ਦੌਰਾਨ ਵੱਖ-ਵੱਖ ਸਕੀਮਾਂ ਦੇ ਲਈ ਰਾਸ਼ੀਆਂ ਜਾਰੀ ਕੀਤੀਆਂ ਹਨ, ਜਿਹੜੀ ਚੋਣ ਜ਼ਾਬਤੇ ਦੀ ਉਲੰਘਣਾ ਹੈ। ਉਨ੍ਹਾਂ ਨੇ ਚੋਣ ਕਮਿਸ਼ਨ ਤੋਂ ਮੋਗਾ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ ਦੇ ਖਿਲਾਫ ਵੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

## 82 ਸਾਲ ਦੀ ਔਰਤ ਨੂੰ ਬਲਾਤਕਾਰ ਪਿੱਛੋਂ ਗਲਾ ਘੁੱਟ ਕੇ ਮਾਰਿਆ



ਗੁਰਦਾਸਪੁਰ, 20 ਮਾਰਚ (ਪੋਸਟ ਬਿਊਰੋ)- ਪਿੰਡ ਕੋਟਲੀ ਹਰਚੰਦਾ ਵਿੱਚ ਕੱਲ੍ਹ ਰਾਤ ਘਰ ਵਿੱਚ ਇਕੱਲੀ ਰਹਿੰਦੀ 82 ਸਾਲਾ ਬਜ਼ੁਰਗ ਔਰਤ ਨਾਲ ਇੱਕ ਪਰਵਾਸੀ ਮਜ਼ਦੂਰ ਨੇ ਨਸ਼ੇ ਦੀ ਹਾਲਤ ਵਿੱਚ ਉਸ ਦੇ ਘਰ ਵੜ ਕੇ ਬਲਾਤਕਾਰ ਕੀਤਾ ਅਤੇ ਫੜੇ ਜਾਣ ਦੇ ਡਰ ਕਾਰਨ ਉਸ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਪੁਲਸ ਨੇ ਦੋਸ਼ੀ ਮਜ਼ਦੂਰ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਪੁੱਛਗਿੱਛ ਕੀਤੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਥਾਣਾ ਭੈਣੀ ਮੀਆਂ ਖਾਂ ਦੇ ਪੈਂਦੇ ਪਿੰਡ ਕੋਟਲੀ ਹਰਚੰਦਾ ਵਿੱਚ ਬਜ਼ੁਰਗ ਗੁਰਦੀਪ ਕੌਰ ਪਤਨੀ ਗੁਲਵੰਤ ਸਿੰਘ ਕੱਲ੍ਹ ਰਾਤ ਘਰ ਵਿੱਚ ਇਕੱਲੀ ਸੀ। ਉਸ ਦਾ ਪੋਤਰਾ ਕੱਲ੍ਹ ਸਵੇਰੇ ਅੱਠ ਵਜੇ ਦੇ ਕਰੀਬ ਦਾਦੀ ਨੂੰ ਮਿਲਣ ਲਈ ਘਰ ਵਿੱਚ ਗਿਆ ਤਾਂ ਉਸ ਦੀ ਦਾਦੀ ਮ੍ਰਿਤਕ ਹਾਲਤ ਵਿੱਚ ਆਪਣੇ ਕਮਰੇ ਵਿੱਚ ਨਗਨ ਹਾਲਤ ਵਿੱਚ ਪਈ ਸੀ। ਘਰ ਦਿਆਂ ਅਤੇ ਪਿੰਡ ਵਾਸੀਆਂ ਨੇ ਇਸ ਬਾਰੇ ਵਿੱਚ ਪੁਲਸ ਨੂੰ ਸੂਚਿਤ ਕੀਤਾ ਤਾਂ ਪੁਲਸ ਮੌਕੇ 'ਤੇ ਪਹੁੰਚੀ ਤੇ ਫਿੰਗਰ ਪ੍ਰਿੰਟ ਮਾਹਰਾਂ ਦੀ ਟੀਮ ਨੂੰ ਬੁਲਾ ਕੇ ਕੁਝ ਹੀ ਸਮੇਂ ਵਿੱਚ ਦੋਸ਼ੀ ਨੂੰ ਟ੍ਰੇਸ ਕਰ ਕੇ ਗ੍ਰਿਫਤਾਰ ਕਰ ਲਿਆ। ਪੁਲਸ ਨੇ ਦੱਸਿਆ ਕਿ ਔਰਤ ਦੀ ਹੱਤਿਆ ਪਰਵਾਸੀ ਮਜ਼ਦੂਰ ਸਤਿੰਦਰ ਪੁੱਤਰ ਰਾਮ ਦੇਵ ਵਾਸੀ ਨੇਪਾਲ, ਜੋ ਪਿਛਲੇ ਨਵੰਬਰ ਦਸੰਬਰ ਤੋਂ ਪਿੰਡ ਵਿੱਚ ਰਹਿ ਰਿਹਾ ਹੈ, ਨੇ ਕੀਤੀ ਹੈ। ਉਹ ਏਥੇ ਗੰਨਾ ਕੱਟਣ ਦਾ ਕੰਮ ਕਰਦਾ ਸੀ। ਕੱਲ੍ਹ ਰਾਤ ਸਤਿੰਦਰ ਉਕਤ ਔਰਤ ਦੇ ਘਰ ਵਿੱਚ ਨਸ਼ੇ ਦੀ ਹਾਲਤ ਵਿੱਚ ਵੜਿਆ ਅਤੇ ਇਸ ਹਰਕਤ ਪਿੱਛੋਂ ਉਸ ਦੀ ਹੱਤਿਆ ਕਰ ਦਿੱਤੀ।

We Provide services:
• Corporation Registration
• Corporation Tax Returns
• Personal Tax Retruns
• Accounting • Book - Keeping
• H.S.T • WSIB • T4 • E-File
• Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London



- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job
For Further Information Contact: 6476253344

www.AREA REALTOR.com



Multi Award Winner Realtor
CENTURY 21 PRESIDENT
KAMAL SANDHU
Sales Representative
647.891.0143
905.488.2100 ext. 407



## ਭਾਜਪਾ ਛੱਡ ਕੇ ਦੋ ਮੰਤਰੀ ਅਤੇ ਛੇ ਵਿਧਾਇਕ ਐੱਨ ਪੀ ਪੀ ਵਿੱਚ ਜਾ ਸ਼ਾਮਲ ਹੋਏ



ਈਟਾਨਗਰ, 20 ਮਾਰਚ (ਪੋਸਟ ਬਿਊਰੋ)- ਅਰੁਣਾਚਲ ਪ੍ਰਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਦੋ ਮੰਤਰੀ ਅਤੇ ਛੇ ਹੋਰ ਮੌਜੂਦਾ ਵਿਧਾਇਕਾਂ ਸਮੇਤ ਕਈ ਨੇਤਾ ਨੈਸ਼ਨਲ ਪੀਪੁਲਸ ਪਾਰਟੀ (ਐੱਨ ਪੀ ਪੀ) ਵਿੱਚ ਸ਼ਾਮਲ ਹੋ ਗਏ ਹਨ।

ਪਤਾ ਲੱਗਾ ਹੈ ਕਿ ਭਾਜਪਾ ਨੇ ਇਸ ਰਾਜ ਦੇ ਪਾਰਟੀ ਜਨਰਲ ਸੈਕਟਰੀ ਜਾਰਪੁਮ ਗਾਮਲਿਨ, ਗ੍ਰਿਹ ਮੰਤਰੀ ਕੁਮਾਰ ਵਾਈ ਅਤੇ ਸੈਰ ਸਪਾਟਾ ਮੰਤਰੀ ਜਾਰਪੁਮ ਗਾਮਲਿਨ ਅਤੇ ਹੋਰ ਕੁਝ ਵਿਧਾਇਕਾਂ ਨੂੰ ਵਿਧਾਨ ਸਭਾ ਚੋਣਾਂ ਵਿੱਚ ਟਿਕਟ ਨਾ ਦੇਣ ਦਾ ਫੈਸਲਾ ਲਿਆ ਹੈ। ਇਸ ਨਾਲ ਪਾਰਟੀ ਵਿੱਚ ਡੂੰਘੀ ਨਾਰਾਜ਼ਗੀ ਮਗਰੋਂ ਇਨ੍ਹਾਂ ਨੇ ਕੱਲ੍ਹ ਪਾਰਟੀ ਛੱਡੀ ਹੈ। ਭਾਜਪਾ ਪਾਰਲੀਮੈਂਟਰੀ ਬੋਰਡ ਨੇ ਐਤਵਾਰ ਨੂੰ 60 ਮੈਂਬਰੀ ਵਿਧਾਨ ਸਭਾ ਲਈ 54 ਉਮੀਦਵਾਰਾਂ ਦੇ ਨਾਂਅ ਦੀ ਸੂਚੀ ਜਾਰੀ ਕੀਤੀ ਸੀ। ਇਸ ਰਾਜ ਵਿਧਾਨ ਸਭਾ ਚੋਣਾਂ ਵੀ ਪਾਰਲੀਮੈਂਟ ਚੋਣਾਂ ਦੇ ਨਾਲ ਹੀ 11 ਅਪ੍ਰੈਲ ਨੂੰ ਹੋਣੀਆਂ ਹਨ। ਗਾਮਲਿਨ ਨੇ ਕੱਲ੍ਹ ਭਾਜਪਾ ਦੇ ਸੂਬਾ ਪ੍ਰਧਾਨ ਤਾਪਿਰ ਗਾਓ ਨੂੰ ਅਸਤੀਫਾ ਭੇਜ ਦਿੱਤਾ ਅਤੇ ਕੱਲ੍ਹ ਸਵੇਰ ਤੋਂ ਗੋਹਾਟੀ ਵਿੱਚ ਡੇਰਾ ਲਾ ਬੈਠੇ ਹਨ, ਜਿੱਥੇ ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਸਾਂਗਮਾ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਹੈ। ਜਾਰਪੁਮ, ਜਾਕਾਰ ਅਤੇ ਕੁਮਾਰ ਵਾਨੀ ਦੇ ਨਾਲ ਪਾਰਟੀ ਛੱਡਣ ਵਾਲੇ ਵਿਧਾਇਕਾਂ ਨੇ ਐਨ ਪੀ ਪੀ ਦੇ ਜਨਰਲ ਸੈਕਟਰੀ ਥਾਮਸ ਸਾਂਗਮਾ ਨੂੰ ਮਿਲ ਕੇ ਉਨ੍ਹਾਂ ਦੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਕਦਮ ਚੁੱਕਿਆ ਹੈ।

ਐਨ ਪੀ ਪੀ ਪਾਰਟੀ ਦੇ ਇੱਕ ਨੇਤਾ ਨੇ ਕਿਹਾ ਕਿ ਇਨ੍ਹਾਂ ਨੇਤਾਵਾਂ ਦੇ ਸ਼ਾਮਲ ਹੋਣ ਨਾਲ ਪਾਰਟੀ ਮਜਬੂਤ ਹੋਈ ਹੈ ਅਤੇ ਉੱਤਰ-ਪੂਰਬ ਦੀਆਂ 25 ਸੀਟਾਂ 'ਤੇ ਉਮੀਦਵਾਰ ਖੜੇ ਰਨ ਦਾ ਫੈਸਲਾ ਲਿਆ ਹੈ ਅਤੇ ਮੇਘਾਲਿਆ ਦੇ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ।

ਇਸ ਦੌਰਾਨ ਛੱਤੀਸਗੜ੍ਹ ਵਿਧਾਨ ਸਭਾ ਵਿੱਚ ਭਾਜਪਾ ਦੀ ਹਾਰ ਦਾ ਭਾਂਡਾ ਉਥੇ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਦੇ ਸਿਰ ਭੱਜਿਆ ਹੈ। ਭਾਜਪਾ ਨੇ ਐਲਾਨ ਕੀਤਾ ਹੈ ਕਿ ਪਾਰਟੀ ਇਸ ਰਾਜ ਦੇ ਆਪਣੇ ਸਾਰੇ 10 ਮੌਜੂਦਾ ਪਾਰਲੀਮੈਂਟ ਮੈਂਬਰਾਂ ਨੂੰ ਇਸ ਵਾਰ ਟਿਕਟ ਨਹੀਂ ਦੇਵੇਗੀ ਅਤੇ ਨਵੇਂ ਚਿਹਰਿਆਂ ਨੂੰ ਮੌਕਾ ਮਿਲੇਗਾ। ਭਾਜਪਾ ਜਨਰਲ ਸੈਕਟਰੀ ਤੇ ਛੱਤੀਸਗੜ੍ਹ ਦੇ ਇੰਚਾਰਜ ਅਨਿਲ ਜੈਨ ਨੇ ਇਹ ਐਲਾਨ ਅਜਿਹੇ ਸਮੇਂ ਕੀਤਾ ਹੈ, ਜਦ ਉਮੀਦਵਾਰਾਂ ਦਾ ਫੈਸਲਾ ਕਰਨ ਦੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਕੇਂਦਰੀ ਚੋਣ ਕਮੇਟੀ ਦੀ ਬੈਠਕ ਹੋ ਰਹੀ ਸੀ।

# ਸਮਝੌਤਾ ਐਕਸਪ੍ਰੈੱਸ ਕੇਸ ਵਿੱਚ ਅਸੀਮਾਨੰਦ ਸਣੇ ਸਾਰੇ ਦੋਸ਼ੀ ਬਰੀ

ਪੰਚਕੂਲਾ, 20 ਮਾਰਚ (ਪੋਸਟ ਬਿਊਰੋ)- ਕਰੀਬ 12 ਸਾਲ ਪਹਿਲਾਂ ਪਾਣੀਪਤ ਕੋਲ ਸਮਝੌਤਾ ਐਕਸਪ੍ਰੈਸ ਰੇਲ ਗੱਡੀ ਦੇ ਬੰਬ ਧਮਾਕਾ ਕੇਸ ਵਿੱਚ ਨੈਸ਼ਨਲ ਜਾਂਚ ਏਜੰਸੀ (ਐੱਨ ਆਈ ਏ) ਦੀ ਵਿਸ਼ੇਸ਼ ਅਦਾਲਤ ਨੇ ਬੁੱਧਵਾਰ ਇੱਕ ਵੱਡੇ ਫ਼ੈਸਲੇ ਵਿੱਚ ਪਾਕਿਸਤਾਨੀ ਮਹਿਲਾ ਗਵਾਹ ਰਾਹਿਲਾ ਦੀ ਪਟੀਸ਼ਨ ਰੱਦ ਕਰ ਕੇ ਸਵਾਮੀ ਅਸੀਮਾਨੰਦ ਸਣੇ ਚਾਰੇ ਦੋਸ਼ੀਆਂ ਲੋਕੇਸ਼ ਸ਼ਰਮਾ, ਰਾਜਿੰਦਰ ਚੌਧਰੀ ਅਤੇ ਕਮਲ ਚੌਹਾਨ ਨੂੰ ਬਰੀ ਕਰ ਦਿੱਤਾ ਹੈ।



ਸਵਾਮੀ ਅਸੀਮਾਨੰਦ ਨੂੰ ਪੇਸ਼ੀ ਲਈ ਲਿਜਾਂਦਾ ਹੋਇਆ ਪੁਲਸ ਕਰਮੀ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸਮਝੌਤਾ ਐਕਸਪ੍ਰੈਸ ਧਮਾਕਾ ਕੇਸ ਵਿੱਚ 11 ਮਾਰਚ ਨੂੰ ਫ਼ੈਸਲਾ ਐਨ ਉਸ ਸਮੇਂ ਰੁਕ ਗਿਆ ਸੀ, ਜਦੋਂ ਰਾਹਿਲਾ ਨਾਂਅ ਦੀ ਪਾਕਿਸਤਾਨੀ ਮਹਿਲਾ ਨੇ ਆਪਣੇ ਵਕੀਲ ਰਾਹੀਂ ਗਵਾਹੀ ਦਾ ਮੌਕਾ ਦੇਣ ਦੀ ਮੰਗ ਵਾਲੀ ਪਟੀਸ਼ਨ ਪੇਸ਼ ਕਰ ਦਿੱਤੀ ਸੀ। ਉਸ ਦੇ ਵਕੀਲ ਐਡਵੋਕੇਟ ਮੋਮਿਨ ਮਲਿਕ ਦੀ ਪਟੀਸ਼ਨ ਤੋਂ ਬਾਅਦ ਅਦਾਲਤ ਨੇ ਸੁਣਵਾਈ ਲਈ 14 ਮਾਰਚ ਦੀ ਤਾਰੀਕ ਤੈਅ ਕੀਤੀ ਤੇ ਉਸੇ ਦਿਨ ਇਸ ਪਟੀਸ਼ਨ ਦੀ ਵਿਚਾਰ ਹੋਣੀ ਸੀ। 14 ਮਾਰਚ ਨੂੰ ਬਾਰ ਐਸੋਸੀਏਸ਼ਨ ਦੀ ਹੜਤਾਲ ਕਾਰਨ ਦੋਵੇਂ ਧਿਰਾਂ ਦੇ ਵਕੀਲ ਅਦਾਲਤ ਵਿੱਚ ਨਹੀਂ ਗਏ। ਇਸ ਕਾਰਨ ਅਦਾਲਤ ਨੇ ਸੁਣਵਾਈ ਲਈ 18 ਮਾਰਚ ਦਾ ਦਿਨ ਤੈਅ ਕੀਤਾ ਸੀ। ਫਿਰ 18 ਮਾਰਚ ਨੂੰ ਇਸ ਉੱਤੇ ਵਿਸ਼ੇਸ਼ ਐੱਨ ਆਈ ਏ ਅਦਾਲਤ ਵਿੱਚ ਸੁਣਵਾਈ ਹੋਈ ਤਾਂ ਪਾਕਿਸਤਾਨੀ ਮਹਿਲਾ ਦੀ ਵਕੀਲ ਰਾਹੀਂ ਦਿੱਤੀ ਪਟੀਸ਼ਨ ਉੱਤੇ ਐੱਨ ਆਈ ਏ ਤੇ ਬਚਾਅ ਪੱਖ ਦੇ ਵਕੀਲਾਂ ਨੇ ਆਪਣਾ ਜਵਾਬ ਦਾਖ਼ਲ ਕੀਤਾ। ਇਸ ਪਿੱਛੋਂ ਅਦਾਲਤ ਨੇ ਅਗਲੀ ਸੁਣਵਾਈ 20 ਮਾਰਚ ਨੂੰ ਤੈਅ ਕੀਤੀ ਸੀ। ਬੁੱਧਵਾਰ 20 ਮਾਰਚ ਨੂੰ ਅਦਾਲਤ ਨੇ ਪਾਕਿਸਤਾਨੀ ਮਹਿਲਾ ਦੀ ਪਟੀਸ਼ਨ ਰੱਦ ਕਰ ਦਿੱਤੀ ਅਤੇ ਚਾਰੇ ਦੋਸ਼ੀਆਂ ਨੂੰ ਬਰੀ ਕਰ ਕੇ ਮੁਕੱਦਮੇ ਦਾ ਖਾਤਮਾ ਕਰ ਦਿੱਤਾ ਹੈ।

ਮੋਮਿਨ ਮਲਿਕ ਨੇ ਇਸ ਪਟੀਸ਼ਨ ਨਾਲ ਦਲੀਲ ਦਿੱਤੀ ਸੀ ਕਿ ਪਾਕਿਸਤਾਨ ਦੇ ਪੀੜਤ ਪਰਿਵਾਰਾਂ ਨੂੰ ਗਵਾਹੀ ਦੇਣ ਦਾ ਮੌਕਾ ਨਹੀਂ ਮਿਲਿਆ ਤੇ ਨਾ ਉਨ੍ਹਾਂ ਨੂੰ ਸੰਮਨ ਮਿਲੇ ਹਨ। ਇਸ ਤਰ੍ਹਾਂ ਇਕ ਵਾਰ ਉਨ੍ਹਾਂ ਨੂੰ ਗਵਾਹੀ ਦਾ ਮੌਕਾ ਮਿਲੇਗਾ। ਦੂਜੇ ਪਾਸੇ ਸਮਝੌਤਾ ਐਕਸਪ੍ਰੈੱਸ ਕੇਸ ਵਿੱਚ ਇਕ ਵੀਡੀਓ ਸਾਹਮਣੇ ਆਉਣ ਨਾਲ ਕੇਸ ਵਿੱਚ ਨਵਾਂ ਮੋੜ ਆਇਆ ਸੀ। ਇਸ ਕਾਂਡ ਦਾ ਪੀੜਤ ਹੋਣ ਦਾ ਦਾਅਵਾ ਕਰਦੇ ਪਾਕਿਸਤਾਨੀ ਨਾਗਰਿਕ ਅਨਿਲ ਸਾਮੀ ਨੇ ਆਪਣੇ ਵਕੀਲ ਮੋਮਿਨ ਮਲਿਕ ਨੂੰ ਵੀਡੀਓ ਅਤੇ ਪੱਤਰ ਭੇਜਿਆ ਅਤੇ ਧਮਾਕੇ ਦੇ ਦੋਸ਼ੀਆਂ ਨੂੰ ਪਛਾਣਨ ਦਾ ਦਾਅਵਾ ਕੀਤਾ ਸੀ। ਸਾਮੀ ਦੇ ਪਿਤਾ ਮੁਹੰਮਦ ਸ਼ਫ਼ੀਕ ਅਹਿਮਦ ਤੇ ਭਰਾ ਮੁਹੰਮਦ ਹਰੀਸ਼ ਦੀ ਇਸ ਕਾਂਡ ਵਿੱਚ ਮੌਤ ਹੋ ਗਈ ਸੀ। ਸਾਮੀ ਨੇ ਕਿਹਾ ਕਿ ਉਹ ਧਮਾਕੇ ਕੇਸ ਦੀ ਗਵਾਹੀ ਲਈ ਭਾਰਤ ਤੋਂ ਕੋਈ ਸੱਦਾ ਆਉਣ ਦਾ ਉਡੀਕ ਕਰ ਰਿਹਾ ਸੀ।

## ਜਸਟਿਸ ਪੀ ਸੀ ਘੋਸ਼ ਭਾਰਤ ਦੇ ਪਹਿਲੇ ਲੋਕਪਾਲ ਬਣੇ

ਨਵੀਂ ਦਿੱਲੀ, 20 ਮਾਰਚ (ਪੋਸਟ ਬਿਊਰੋ)- ਇਤਿਹਾਸਕ ਪਲ ਹੀ ਹੈ ਕਿ ਭ੍ਰਿਸ਼ਟਾਚਾਰ 'ਤੇ ਨਜ਼ਰ ਰੱਖਣ ਵਾਲੀ ਸਰਬ ਉਚ ਸੰਸਥਾ ਲੋਕਪਾਲ ਦਾ ਗਠਨ ਹੋ ਗਿਆ ਹੈ। ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਪਿਨਾਕੀ ਚੰਦਰ ਘੋਸ਼ (ਪੀ ਸੀ ਘੋਸ਼) ਨੂੰ ਰਾਸ਼ਟਰਪਤੀ ਨੇ ਦੇਸ਼ ਦਾ ਪਹਿਲਾ ਲੋਕਪਾਲ ਨਿਯੁਕਤ ਕਰ ਦਿੱਤਾ ਹੈ।



ਜਸਟਿਸ ਘੋਸ਼ ਇਸ ਵਕਤ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਹਨ। ਇਸ ਤੋਂ ਬਿਨਾ ਰਾਸ਼ਟਰਪਤੀ ਨੇ ਲੋਕਪਾਲ ਵਿੱਚ ਚਾਰ ਜੁਡੀਸ਼ਲ ਅਤੇ ਚਾਰ ਗੈਰ-ਜੁਡੀਸ਼ਲ ਮੈਂਬਰਾਂ ਦੀ ਵੀ ਨਿਯੁਕਤੀ ਕੀਤੀ ਹੈ। ਰਾਸ਼ਟਰਪਤੀ ਨੇ ਚੋਣ ਕਮੇਟੀ ਦੀ ਸਿਫਾਰਸ਼ ਮੰਨਦੇ ਹੋਏ ਕੱਲ੍ਹ ਲੋਕਪਾਲ ਦੇ ਪ੍ਰਧਾਨ ਅਤੇ ਅੱਠ ਮੈਂਬਰਾਂ ਦੀ ਨਿਯੁਕਤੀ ਦਾ ਨਿਰਦੇਸ਼ ਜਾਰੀ ਕੀਤਾ ਹੈ। ਇਸ ਨਿਰਦੇਸ਼ ਵਿੱਚ ਜਸਟਿਸ ਪਿਨਾਕੀ ਚੰਦਰ ਘੋਸ਼ ਨੂੰ ਲੋਕਪਾਲ ਦਾ ਪ੍ਰਧਾਨ ਬਣਾਇਆ ਗਿਆ ਅਤੇ ਹਾਈ ਕੋਰਟ ਦੇ ਸਾਬਕਾ ਮੁੱਖ ਜੱਜ ਜਸਟਿਸ ਦਿਲੀਪ ਬੀ ਭੌਂਸਲੇ, ਜਸਟਿਸ ਪ੍ਰਦੀਪ ਕੁਮਾਰ ਮੋਹੰਤੀ, ਜਸਟਿਸ ਅਭਿਲਾਸ਼ਾ ਕੁਮਾਰੀ ਅਤੇ ਜਸਟਿਸ ਅਜੈ ਕੁਮਾਰ ਤ੍ਰਿਪਾਠੀ ਨੂੰ ਜੁਡੀਸ਼ਲ ਮੈਂਬਰ ਬਣਾਇਆ ਗਿਆ ਹੈ। ਆਈ ਏ ਐਸ ਅਫਸਰ ਦਿਨੇਸ਼ ਕੁਮਾਰ ਜੈਨ ਜੋ ਫਿਲਹਾਲ ਮਹਾਰਾਸ਼ਟਰ ਦੇ ਚੀਫ ਸੈਕਟਰੀ ਤੇ ਸਾਬਕਾ ਡੀ ਜੀ ਪੀ ਆਰਮਡ ਫੋਰਸ ਅਰਚਨਾ ਰਾਮਸੁੰਦਰਮ, ਮਹਿੰਦਰ ਸਿੰਘ ਅਤੇ ਡਾਕਟਰ ਇੰਦਰਜੀਤ ਪ੍ਰਸਾਦ ਗੌਤਮ ਨੂੰ ਗੈਰ ਜੁਡੀਸ਼ਲ ਮੈਂਬਰ ਬਣਾਇਆ ਗਿਆ ਹੈ। ਇਸ ਸੰਬੰਧ ਵਿੱਚ ਪਤਾ ਲੱਗਾ ਹੈ ਕਿ ਲੋਕਪਾਲ ਦੇ ਪ੍ਰਧਾਨ ਅਤੇ ਮੈਂਬਰਾਂ ਦਾ ਕਾਰਜਕਾਲ ਪੰਜ ਸਾਲ ਜਾਂ ਸੱਤਰ ਸਾਲ ਉਮਰ ਹੋਣ ਤੱਕ ਹੋਵੇਗਾ। ਕਾਨੂੰਨ ਮੁਤਾਬਕ ਲੋਕਪਾਲ ਮੁਖੀ ਬਣਨ ਲਈ ਭਾਰਤ ਦਾ ਚੀਫ ਜਸਟਿਸ ਜਾਂ ਸਾਬਕਾ ਚੀਫ ਜਸਟਿਸ ਜਾਂ ਸੁਪਰੀਮ ਕੋਰਟ ਦਾ ਜੱਜ ਜਾਂ ਸਾਬਕਾ ਜੱਜ ਯੋਗ ਹੋ ਸਕਦਾ ਹੈ। ਇਸ ਤੋਂ ਬਿਨਾ ਕੋਈ ਪ੍ਰਸਿੱਧ ਹਸਤੀ ਵੀ ਲੋਕਪਾਲ ਨਿਯੁਕਤ ਹੋ ਸਕਦੀ ਹੈ, ਜੇ ਉਸ ਨੂੰ 25 ਸਾਲ ਤੱਕ ਐਂਟੀ ਕੁਰੱਪਸ਼ਨ ਜਾਂ ਪਬਲਿਕ ਐਡਮਿਨਿਸਟਰੇਸ਼ਨ ਜਾਂ ਵਿਜੀਲੈਂਸ ਜਾਂ ਵਿੱਤ ਬੀਮਾ ਬੈਂਕਿੰਗ ਕਾਨੂੰਨ ਅਤੇ ਮੈਨੇਜਮੈਂਟ ਦਾ ਅਨੁਭਵ ਹੋਵੇ।

## ਗੋਆ ਦੇ ਨਵੇਂ ਮੁੱਖ ਮੰਤਰੀ ਪ੍ਰਮੋਦ ਸਾਵੰਤ ਨੇ ਬਹੁਮਤ ਸਾਬਤ ਕਰ ਲਿਆ

ਨਵੀਂ ਦਿੱਲੀ, 20 ਮਾਰਚ (ਪੋਸਟ ਬਿਊਰੋ)- ਗੋਆ ਦੇ ਮੁੱਖ ਮੰਤਰੀ ਮਨੋਹਰ ਪਾਰੀਕਰ ਦੇ ਦਿਹਾਂਤ ਪਿੱਛੋਂ ਨਵੀਂ ਸਰਕਾਰ ਬਣਾਉਣ ਲਈ ਕਾਂਗਰਸ ਅਤੇ ਭਾਜਪਾ ਵਿੱਚ ਲੰਬੀ ਸਿਆਸੀ ਖਿੱਚ-ਧੂਹ ਤੋਂ ਬਾਅਦ ਸੋਮਵਾਰ ਰਾਤ 2 ਵਜੇ ਵਿਧਾਨ ਸਭਾ ਸਪੀਕਰ ਪ੍ਰਮੋਦ ਸਾਵੰਤ ਨੇ ਗੋਆ ਦੇ ਨਵੇਂ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਅਤੇ ਸੂਬੇ ਵਿੱਚ ਪਹਿਲੀ ਵਾਰ ਦੋ ਉਪ ਮੁੱਖ ਮੰਤਰੀਆਂ ਨੂੰ ਇਸ ਮੌਕੇ ਸਹੁੰ ਚੁਕਾਈ ਗਈ ਸੀ। ਅੱਜ ਬੁੱਧਵਾਰ ਨੂੰ ਗੋਆ ਵਿੱਚ ਮੁੱਖ ਮੰਤਰੀ ਪ੍ਰਮੋਦ ਸਾਵੰਤ ਨੇ ਬਹੁਮਤ ਸਾਬਤ ਕਰ ਲਿਆ ਹੈ। ਉਨ੍ਹਾਂ ਦੇ ਪੱਖ ਵਿੱਚ 20 ਵੋਟਾਂ ਪਈਆਂ। ਭਰੋਸੇ ਦਾ ਵੋਟ ਲੈਣ ਤੋਂ ਪਹਿਲਾਂ ਗੋਆ ਦੇ ਨਵੇਂ ਮੁੱਖ ਮੰਤਰੀ ਪ੍ਰਮੋਦ ਸਾਵੰਤ ਨੇ ਕਿਹਾ ਕਿ ਉਨ੍ਹਾਂ ਨੂੰ 100 ਫੀਸਦੀ ਵਿਸ਼ਵਾਸ ਹੈ ਕਿ ਉਨ੍ਹਾਂ ਦੀ ਸਰਕਾਰ ਬਹੁਮਤ ਹਾਸਲ ਕਰੇਗੀ। ਇਕ ਅਫਸਰ ਨੇ ਦਸਿਆ ਕਿ ਗਵਰਨਰ ਮ੍ਰਿਦੁਲਾ ਸਿਨਹਾ ਨੇ ਸ਼ਕਤੀ ਪ੍ਰਦਰਸ਼ਨ ਲਈ ਬੁੱਧਵਾਰ 20 ਮਾਰਚ ਨੂੰ ਸਵੇਰੇ ਸਾਢੇ ਗਿਆਰਾਂ ਵਜੇ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਤੈਅ ਕੀਤਾ ਸੀ। ਸਦਨ ਵਿਚ ਮੁੱਖ ਮੰਤਰੀ ਪ੍ਰਮੋਦ ਸਾਵੰਤ ਆਪਣੀ ਸਰਕਾਰ ਦਾ ਬਹੁਮਤ ਸਾਬਿਤ ਕਰਨ ਜੁੱਟ ਗਏ। ਸਮੁੰਦਰੀ ਕੰਢੇ ਵਾਲੇ ਇਸ ਰਾਜ ਵਿੱਚ ਭਾਜਪਾ ਦੀ ਸਰਕਾਰ ਨੇ 21 ਵਿਧਾਇਕਾਂ ਦੇ ਸਮਰਥਨ ਦਾ ਦਾਅਵਾ ਕੀਤਾ ਸੀ। ਇਨ੍ਹਾਂ ਵਿੱਚ ਭਾਜਪਾ ਦੇ 12, ਭਾਈਵਾਲ ਪਾਰਟੀ ਗੋਆ ਫ਼ਾਰਵਰਡ ਪਾਰਟੀ (ਜੀ ਐਫ਼ ਪੀ) ਦੇ 3, ਮਹਾਰਾਸ਼ਟਰਵਾਦੀ ਗੋਮਾਂਤਕ ਪਾਰਟੀ (ਐਮ ਜੀ ਪੀ) ਦੇ 3 ਅਤੇ 3 ਆਜ਼ਾਦ ਵਿਧਾਇਕ ਸ਼ਾਮਲ ਹਨ।



ਵਰਨਣ ਯੋਗ ਹੈ ਕਿ ਗੋਆ ਦੀ 40 ਮੈਂਬਰੀ ਵਿਧਾਨ ਸਭਾ ਦੀ ਗਿਣਤੀ 36 ਰਹਿ ਗਈ ਹੈ। ਮੁੱਖ ਮੰਤਰੀ ਮਨੋਹਰ ਪਾਰੀਕਰ ਤੇ ਭਾਜਪਾ ਵਿਧਾਇਕ ਫ਼ਰਾਂਸਿਸ ਡਿਸੂਜ਼ਾ ਦਾ ਦਿਹਾਂਤ ਹੋ ਗਿਆ ਤੇ ਕਾਂਗਰਸ ਦੇ 2 ਮੈਂਬਰ ਸੁਭਾਸ਼ ਸ਼ਿਰੋਡਕਰ ਅਤੇ ਦਇਆਨੰਦ ਸੋਪਤੇ ਨੇ ਅਸਤੀਫ਼ਾ ਦੇ ਦਿੱਤਾ ਸੀ। ਗੋਆ ਵਿੱਚ ਕਾਂਗਰਸ ਆਪਣੇ 14 ਵਿਧਾਇਕਾਂ ਨਾਲ ਸਭ ਤੋਂ ਵੱਡੀ ਪਾਰਟੀ ਹੈ ਅਤੇ ਐਨ ਸੀ ਪੀ ਦਾ 1 ਵਿਧਾਇਕ ਹੈ।

## ਨੇਪਾਲੀ ਮਹਿਲਾ ਨਾਲ ਗੈਂਗ ਬਲਾਤਕਾਰ ਦੇ ਸੱਤ ਦੋਸ਼ੀਆਂ ਦੀ ਫਾਂਸੀ ਕਾਇਮ

ਚੰਡੀਗੜ੍ਹ, 20 ਮਾਰਚ (ਪੋਸਟ ਬਿਊਰੋ)- ਮਾਨਸਿਕ ਪੱਖੋਂ ਬਿਮਾਰ ਨੇਪਾਲੀ ਮੂਲ ਦੀ ਮਹਿਲਾ ਨਾਲ ਰੋਹਤਕ ਵਿੱਚ ਗੈਂਗ ਬਲਾਤਕਾਰ ਦੇ ਬਾਅਦ ਬੇਰਹਿਮੀ ਨਾਲ ਉਸ ਦੇ ਕਤਲ ਦੇ ਦੋਸ਼ ਵਿੱਚ ਸੱਤ ਜਣਿਆਂ ਪਦਮ, ਪਵਨ, ਸਰਵਰ, ਮਨਬੀਰ, ਰਾਜੇਸ਼, ਸੁਨੀਲ ਉਰਫ ਮਾਡਾ ਅਤੇ ਸੁਨੀਲ ਉਰਫ ਸ਼ੀਲਾ ਨੂੰ ਸੁਣਾਈ ਗਈ ਮੌਤ ਦੀ ਸਜ਼ਾ ਨੂੰ ਹਾਈ ਕੋਰਟ ਨੇ ਵੀ ਕਾਇਮ ਰੱਖਣ ਦਾ ਫੈਸਲਾ ਲਿਆ ਅਤੇ ਜ਼ਰੂਰੀ ਹੁਕਮ ਦਿੱਤੇ ਹਨ।



ਹਾਈ ਕੋਰਟ ਨੇ ਰੋਹਤਕ ਦੇ ਐਡੀਸ਼ਨਲ ਸੈਸ਼ਨ ਜੱਜ ਦੇ 21 ਦਸੰਬਰ 2015 ਨੂੰ ਸੁਣਾਏ ਮੌਤ ਦੀ ਸਜ਼ਾ ਦੇ ਫੈਸਲੇ ਨੂੰ ਸਹੀ ਠਹਿਰਾਉਂਦੇ ਹੋਏ ਕਿਹਾ ਕਿ ਮਾਨਸਿਕ ਪੱਖੋਂ ਬਿਮਾਰ ਮਹਿਲਾ ਦੇ ਨਾਲ ਸੱਤ ਲੋਕਾਂ ਨੇ ਬਲਾਤਕਾਰ ਕੀਤਾ ਤੇ ਪੁਲਸ ਜੀਪ ਦੀ ਆਵਾਜ਼ ਸੁਣ ਕੇ ਜਗ੍ਹਾ ਬਦਲ ਕੇ ਫਿਰ ਬਲਾਤਕਾਰ ਕੀਤਾ ਅਤੇ ਮਾਰਨ ਲਈ ਖੇਤਾਂ ਵਿੱਚ ਸੁੱਟ ਕੇ ਉਸ 'ਤੇ ਇੱਟਾਂ ਮਾਰੀਆਂ। ਇੱਕ ਦੋਸ਼ੀ ਨੇ ਇਸ ਹਾਲਤ ਵਿੱਚ ਵੀ ਉਸ ਨਾਲ ਫਿਰ ਬਲਾਤਕਾਰ ਕੀਤਾ। ਇਨਸਾਨੀਅਤ ਦੀ ਸਭ ਹੱਦਾਂ ਪਾਰ ਕਰ ਕੇ ਮਹਿਲਾ ਦੇ ਪ੍ਰਾਈਵੇਟ ਪਾਰਟ ਵਿੱਚ ਸੀਮੈਂਟ ਦੀ ਸ਼ੀਟ ਰੱਖ ਕੇ ਇੱਟ ਮਾਰ ਦਿੱਤੀ, ਜਿਸ ਨਾਲ ਮਹਿਲਾ ਦੀ ਮੌਤ ਹੋ ਗਈ। ਇਸ ਤੋਂ ਵੱਧ ਬੇਰਹਿਮੀ ਨਹੀਂ ਹੋ ਸਕਦੀ। ਦੋਸ਼ੀਆਂ ਨੂੰ ਖੁਦ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਤੋਂ ਵੱਧ ਰੇਅਰੈਸਟ ਆਫ ਰੇਅਰ ਕੇਸ ਕੀ ਹੋਵੇਗਾ। ਜਸਟਿਸ ਏ ਬੀ ਚੌਧਰੀ ਅਤੇ ਜਸਟਿਸ ਸੁਰਿੰਦਰ ਗੁਪਤਾ ਦੀ ਬੈਂਚ ਨੇ ਦੋਸ਼ੀਆਂ 'ਤੇ ਪੰਜਾਹ ਲੱਖ ਰੁਪਏ ਜੁਰਮਾਨਾ ਵੀ ਲਾਇਆ ਹੈ। ਹਾਈ ਕੋਰਟ ਨੇ ਰੋਹਤਕ ਦੇ ਡੀ ਸੀ ਨੂੰ ਸਾਰੇ ਦੋਸ਼ੀਆਂ ਦੀ ਅਚਲ ਜਾਇਦਾਦ ਦੀ ਇੱਕ ਮਹੀਨੇ ਵਿੱਚ ਪਛਾਣ ਕਰਨ ਅਤੇ ਦੋ ਮਹੀਨੇ ਵਿੱਚ ਉਸ ਨੂੰ ਵੇਚ ਕੇ ਜੁਰਮਾਨਾ ਰਾਸ਼ੀ ਵਸੂਲਣ ਦੇ ਹੁਕਮ ਦਿੱਤੇ ਹਨ। 25 ਲੱਖ ਰੁਪਏ ਹਰਿਆਣਾ ਸਰਕਾਰ ਅਤੇ 25 ਲੱਖ ਰੁਪਏ ਮ੍ਰਿਤਕ ਦੀ ਵੱਡੀ ਭੈਣ ਨੂੰ ਦਿੱਤੇ ਜਾਣ ਦੇ ਹੁਕਮ ਦਿੱਤੇ ਹਨ।

## ਅੱਤਵਾਦੀਆਂ ਨੂੰ ਉਨ੍ਹਾਂ ਦੀ ਬੰਦੂਕ ਨਾਲ ਮਾਰਨ ਵਾਲੇ ਇਰਫਾਨ ਨੂੰ ਸ਼ੌਰਿਆ ਚੱਕਰ

ਨਵੀਂ ਦਿੱਲੀ, 20 ਮਾਰਚ (ਪੋਸਟ ਬਿਊਰੋ)- ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਜੰਮੂ-ਕਸ਼ਮੀਰ ਤੇ ਉੱਤਰ-ਪੂਰਬ ਵਿੱਚ ਵੱਖ-ਵੱਖ ਫੌਜੀ ਮੁਹਿੰਮਾਂ ਦੌਰਾਨ ਜਾਨ ਕੁਰਬਾਨ ਕਰਨ ਵਾਲੇ ਦੋ ਜਵਾਨਾਂ ਨੂੰ ਮਰਨ ਪਿੱਛੋਂ ਕੀਰਤੀ ਚੱਕਰ ਅਤੇ ਦੋ ਹੋਰਨਾਂ ਜਵਾਨਾਂ ਨੂੰ ਸ਼ੌਰਿਆ ਚੱਕਰ ਦੇ ਕੇ ਸਨਮਾਨਿਤ ਕੀਤਾ ਹੈ। ਉਨ੍ਹਾਂ 16 ਸਾਲਾ ਇਰਫਾਨ ਰਮਜ਼ਾਨ ਸ਼ੇਖ ਨੂੰ ਵੀ ਸ਼ੌਰਿਆ ਚੱਕਰ ਦਿਤਾ ਹੈ, ਜਿਸ ਨੇ 2017 ਵਿੱਚ ਆਪਣੇ ਘਰ 'ਤੇ ਹੋਏ ਅੱਤਵਾਦੀ ਹਮਲੇ ਨੂੰ ਪਛਾੜ ਦਿੱਤਾ ਸੀ।

ਇਰਫਾਨ ਰਮਜ਼ਾਨ ਸ਼ੇਖ ਨੇ ਅੱਤਵਾਦੀਆਂ ਦੀ ਬੰਦੂਕ ਖੋਹ ਕੇ ਉਨ੍ਹਾਂ ਵਿੱਚੋਂ ਇੱਕ ਮਾਰ ਦਿੱਤਾ ਤਾਂ ਬਾਕੀ ਅੱਤਵਾਦੀ ਫਰਾਰ ਹੋ ਗਏ। ਆਰਮਡ ਕੋਰ ਦੇ ਵਿਜੈ ਕੁਮਾਰ ਅਤੇ ਸੀ ਆਰ ਪੀ ਐੱਫ ਦੇ ਕਾਂਸਟੇਲ ਪ੍ਰਦੀਪ ਕੁਮਾਰ ਨੂੰ ਕੀਰਤੀ ਚੱਕਰ ਦਿੱਤਾ ਗਿਆ ਅਤੇ ਰਾਈਫਲਮੈਨ ਜੈਪ੍ਰਕਾਸ਼ ਅਤੇ ਸਿਪਾਹੀ ਅਜੈ ਕੁਮਾਰ ਨੂੰ ਸ਼ੌਰਿਆ ਚੱਕਰ ਦਿੱਤਾ ਗਿਆ।

## ਬਾਬਾ ਰਾਮਦੇਵ ਦੀ ਕੰਪਨੀ ਨਾਲ 2.25 ਕਰੋੜ ਦੀ ਠੱਗੀ



ਹਰਿਦੁਆਰ, 20 ਮਾਰਚ (ਪੋਸਟ ਬਿਊਰੋ)- ਯੋਗੀ ਬਾਬਾ ਰਾਮਦੇਵ ਦੀ ਪਤੰਜਲੀ ਆਯੁਰਵੈਦ ਲਿਮਟਿਡ ਕੰਪਨੀ ਦੇ ਨਾਲ ਚੇਨਈ ਦੀ ਸਾਫਟਵੇਅਰ ਕੰਪਨੀ ਨੇ ਧੋਖਾ ਕਰ ਕੇ 2.25 ਕਰੋੜ ਦਾ ਰਾਮਦੇਵ ਨੂੰ ਰਗੜਾ ਲਾਇਆ ਹੈ।

ਪਤੰਜਲੀ ਆਯੁਰਵੈਦਿਕ ਕੰਪਨੀ ਨੇ ਬਹਾਦਰਾਬਾਦ ਪੁਲਸ ਨੂੰ ਚੇਨਈ ਦੀ ਗੋਪਰੂਗਲ ਟੈਕਨਾਲੋਜੀ ਲਿਮਟਿਡ ਦੇ ਖਿਲਾਫ ਸ਼ਿਕਾਇਤ ਦਿੱਤੀ ਅਤੇ ਪੁਲਸ ਇਸ ਕੇਸ ਦੀ ਜਾਂਚ ਵਿੱਚ ਲੱਗ ਗਈ ਹੈ। ਪਤੰਜਲੀ ਆਯੁਰਵੈਦ ਲਿਮਟਿਡ ਗ੍ਰਾਮ ਪਦਾਰਥ ਦੇ ਜਨਰਲ ਮੈਨੇਜਰ ਕਵਿੰਦਰ ਸਿੰਘ ਨੇ ਪੁਲਸ ਨੂੰ ਦੱਸਿਆ ਹੈ ਕਿ ਇਸ ਕੰਪਨੀ ਨੂੰ ਮੈਗਾ ਸਟੋਰ, ਹਸਪਤਾਲ, ਸੁਪਰ ਡਿਸਟ੍ਰੀਬਿਊਟਰ ਸਪਲਾਈ ਸਾਫਟਵੇਅਰ ਦੀ ਲੋੜ ਸੀ। ਚੇਨਈ ਦੀ ਕੰਪਨੀ ਦੇ ਡਾਇਰੈਕਟਰ ਕੁਮਾਰ ਵੇਂਬੂ ਅਤੇ ਚੀਫ ਮਾਰਕੀਟਿੰਗ ਆਫਿਸਰ ਵਿਜੈ ਹਿੰਗੇ ਦੇ ਨਾਲ18 ਜੁਲਾਈ 2018 ਨੂੰ ਸਾਫਟਵੇਅਰ ਬਣਾਉਣ ਅਤੇ ਇੰਸਟਾਲ ਕਰਨ ਦੇ ਸੰਬੰਧ ਵਿੱਚ ਮੀਟਿੰਗ ਕੀਤੀ ਗਈ। ਸਵਾ ਦੋ ਕਰੋੜ ਰੁਪਏ ਵਿੱਚ ਸਮਝੌਤਾ ਤੈਅ ਹੋਇਆ, ਪਰ ਪੈਸੇ ਮਿਲਣ ਦੇ ਬਾਅਦ ਵੀ ਕੰਪਨੀ ਨੇ ਸਾਫਟਵੇਅਰ ਨਹੀਂ ਦਿੱਤਾ।

## ਮਾਇਆਵਤੀ ਨੇ ਛੱਤੀਸਗੜ੍ਹ ਵਿੱਚ ਅਜੀਤ ਜੋਗੀ ਨੂੰ ਝਟਕਾ ਦਿੱਤਾ

ਰਾਏਪੁਰ, 20 ਮਾਰਚ (ਪੋਸਟ ਬਿਊਰੋ)- ਬਹੁਜਨ ਸਮਾਜ ਪਾਰਟੀ (ਬਸਪਾ) ਦੀ ਮੁਖੀ ਮਾਇਆਵਤੀ ਨੇ ਛੱਤੀਸਗੜ੍ਹ 'ਚ ਕੱਲ੍ਹ ਸਾਬਕਾ ਮੁੱਖ ਮੰਤਰੀ ਅਜੀਤ ਜੋਗੀ ਨੂੰ ਲਾਂਭੇ ਕਰ ਦਿੱਤਾ ਹੈ।

ਕੱਲ੍ਹ ਇਸ ਰਾਜ ਦੀਆਂ 11 ਸੀਟਾਂ ਵਿੱਚੋਂ ਛੇ ਸੀਟਾਂ ਲਈ ਬਸਪਾ ਨੇ ਉਮੀਦਵਾਰਾਂ ਦੇ ਨਾਂ ਐਲਾਨ ਕਰ ਦਿੱਤੇ ਹਨ। ਮਾਇਆਵਤੀ ਦੇ ਇਸ ਕਦਮ ਨਾਲ ਜਨਤਾ ਕਾਂਗਰਸ ਛੱਤੀਸਗੜ੍ਹ ਦੇ ਮੁਖੀ ਤੇ ਸਾਬਕਾ ਮੁੱਖ ਮੰਤਰੀ ਅਜੀਤ ਜੋਗੀ ਕਸੂਤੇ ਫਸੇ ਹਨ। ਉਨ੍ਹਾਂ ਕਿ ਉਮੀਦਵਾਰਾਂ ਦੇ ਨਾਂ ਜਾਰੀ ਕਰਨ ਤੋਂ ਪਹਿਲਾਂ ਪੁੱਛਣਾ ਤਾਂ ਦੂਰ, ਚਰਚਾ ਵੀ ਨਹੀਂ ਕੀਤੀ ਗਈ ਅਤੇ ਬਸਪਾ ਦੇ ਇਸ ਕਦਮ ਨਾਲ ਛੱਤੀਸਗੜ੍ਹ 'ਚ ਦੋਵਾਂ ਪਾਰਟੀਆਂ ਦਾ ਗੱਠਜੋੜ ਖਤਰੇ 'ਚ ਪੈ ਸਕਦਾ ਹੈ। ਬਸਪਾ ਦੇ ਸੂਬਾ ਪ੍ਰਧਾਨ ਹੇਮੰਤ ਪੋਯਾਮ ਨੇ ਕਿਹਾ ਕਿ ਅਸੀਂ ਸਿਰਫ ਉਨ੍ਹਾਂ ਛੇ ਸੀਟਾਂ 'ਤੇ ਨਾਂ ਐਲਾਨੇ ਹਨ, ਜਿਨ੍ਹਾਂ 'ਤੇ ਜੋਟੀ ਨੂੰ ਇਤਰਾਜ਼ ਨਹੀਂ ਸੀ। ਅੱਗੇ ਜੋ ਕੁਝ ਹੋਣਾ ਹੈ, ਉਹ ਹੋਲੀ ਤੋਂ ਬਾਅਦ ਦੋਵਾਂ ਪਾਰਟੀ ਦੇ ਮੁਖੀਆਂ ਦੀ ਬੈਠਕ 'ਚ ਤੈਅ ਹੋਵੇਗਾ।

## ਵਣਜ਼ਾਰਾ ਅਤੇ ਅਮੀਨ ਖਿਲਾਫ ਕੇਸ ਦੀ ਪ੍ਰਵਾਨਗੀ ਤੋਂ ਨਾਂਹ

ਅਹਿਮਦਾਬਾਦ, 20 ਮਾਰਚ (ਪੋਸਟ ਬਿਊਰੋ)- ਗੁਜਰਾਤ ਸਰਕਾਰ ਨੇ ਇਸ਼ਰਤ ਜਹਾਂ ਅਤੇ ਤਿੰਨ ਹੋਰਾਂ ਦੀ ਝੂਠੇ ਮੁਕਾਬਲੇ ਕਰ ਕੇ ਕਤਲ ਦੇ ਮਾਮਲੇ 'ਚ ਸੇਵਾਮੁਕਤ ਪੁਲਸ ਅਫਸਰ ਡੀ ਜੀ ਵਣਜ਼ਾਰਾ ਅਤੇ ਐਨ ਕੇ ਅਮੀਨ ਦੇ ਖਿਲਾਫ ਅਪਰਾਧਕ ਕੇਸ ਚਲਾਉਣ ਦੀ ਪ੍ਰਵਾਨਗੀ ਦੇਣ ਤੋਂ ਮਨ੍ਹਾਂ ਕਰ ਦਿੱਤਾ ਹੈ।

ਜਾਂਚ ਏਜੰਸੀ ਨੇ ਕੱਲ੍ਹ ਵਿਸ਼ੇਸ਼ ਸੀ ਬੀ ਆਈ ਅਦਾਲਤ ਨੂੰ ਦੱਸਿਆ ਕਿ ਸਰਕਾਰ ਦੇ ਇਸ ਫੈਸਲੇ ਨਾਲ ਵਣਜ਼ਾਰਾ ਅਤੇ ਅਮੀਨ ਦੇ ਖਿਲਾਫ ਇਹ ਵਿਵਾਦਤ ਕੇਸ ਬੰਦ ਕੀਤਾ ਜਾ ਸਕਦਾ ਹੈ। ਬਚਾਅ ਪੱਖ ਦੇ ਵਕੀਲਾਂ ਨੇ ਦੋਵਾਂ ਅਧਿਕਾਰੀਆਂ ਦੇ ਖਿਲਾਫ ਕੇਸ ਬੰਦ ਕਰਨ ਦੀ ਅਰਜ਼ੀ ਪੇਸ਼ ਕਰਨ ਦੀ ਇਜਾਜ਼ਤ ਅਦਾਲਤ ਤੋਂ ਮੰਗੀ ਸੀ। ਅਦਾਲਤ ਨੇ ਪ੍ਰਵਾਨਗੀ ਦਿੰਦੇ ਹੋਏ ਉਨ੍ਹਾਂ ਨੂੰ 26 ਮਾਰਚ ਤੱਕ ਅਰਜ਼ੀ ਦੇਣ ਲਈ ਕਿਹਾ ਹੈ। ਸੂਬਾ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਦੋਵਾਂ ਖਿਲਾਫ ਕੇਸ ਨੂੰ ਅੱਗੇ ਵਧਾਉਣ ਦਾ ਫੈਸਲਾ ਸੀ ਬੀ ਆਈ ਕਰੇਗੀ।



ਡੀ ਜੀ ਵਣਜ਼ਾਰਾ ਅਤੇ ਐਨ ਕੇ ਅਮੀਨ।

ਵਰਨਣ ਯੋਗ ਹੈ ਕਿ ਸੀ ਆਰ ਪੀ ਸੀ ਧਾਰਾ 197 ਹੇਠ ਸਰਕਾਰੀ ਅਧਿਕਾਰੀ ਉਤੇ ਕੇਸ ਚਲਾਉਣ ਲਈ ਸਬੰਧਤ ਅਥਾਰਿਟੀ ਤੋਂ ਅਗਾਊਂ ਪ੍ਰਵਾਨਗੀ ਲੈਣੀ ਜ਼ਰੂਰੀ ਹੁੰਦੀ ਹੈ। ਅਦਾਲਤ ਨੇ ਪਹਿਲਾਂ ਸਾਬਕਾ ਡੀ ਆਈ ਜੀ ਵਣਜ਼ਾਰਾ ਅਤੇ ਸੇਵਾਮੁਕਤ ਐਸ ਪੀ ਅਮੀਨ ਵੱਲੋਂ ਪਾਈ ਦੋਸ਼ ਮੁਕਤੀ ਦੀ ਅਰਜ਼ੀ ਰੱਦ ਕਰ ਦਿੱਤੀ ਅਤੇ ਸੀ ਬੀ ਆਈ ਨੂੰ ਪੁੱਛਿਆ ਸੀ ਕਿ ਕੀ ਉਹ ਅਧਿਕਾਰੀਆਂ ਖਿਲਾਫ ਕਾਰਵਾਈ ਅੱਗੇ ਵਧਾਉਣ ਲਈ ਸੂਬਾ ਸਰਕਾਰ ਦੀ ਪ੍ਰਵਾਨਗੀ ਲੈਣਾ ਚਾਹੁੰਦੀ ਹੈ। ਉਸ ਤੋਂ ਬਾਅਦ ਜਾਂਚ ਏਜੰਸੀ ਨੇ ਸੂਬਾ ਸਰਕਾਰ ਨੂੰ ਲਿਖਿਆ ਸੀ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

## ਗਲੀਜ਼ਰ ਕਹਿੰਦੈ: ਵਿਗਿਆਨ ਨੇ ਰੱਬ ਦੀ ਹੱਤਿਆ ਨਹੀਂ ਕੀਤੀ

ਵਾਸ਼ਿੰਗਟਨ, 20 ਮਾਰਚ (ਪੋਸਟ ਬਿਊਰੋ)- ਬਰਾਜ਼ੀਲ ਦੇ ਅਮਰੀਕੀ ਸਿਧਾਂਤਕ ਭੌਤਿਕ ਸ਼ਾਸਤਰੀ ਮਾਰ-ਸੇਲੋ ਗਲੀਜ਼ਰ ਨੂੰ ਕੱਲ੍ਹ ਜੀਵਨ ਵਿੱਚ ਅਧਿਆਤਮ ਦੇ ਵੱਡੇ ਯੋਗਦਾਨ ਨੂੰ ਮਾਨਤਾ ਦੇਣ ਵਾਲੇ ਟੈਂਪਲਟਨ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਕਾਸਮੋਲੋਜੀ ਸਮੇਤ ਕਈ ਵਿਸ਼ਿਆਂ ਵਿੱਚ ਵਿਸ਼ੇਸ਼ ਅਧਿਐਨ ਕਰ ਚੁੱਕੇ 60 ਸਾਲ ਦੇ ਗਲੀਜ਼ਰ ਫਿਜ਼ਿਕਸ ਅਤੇ ਸਪੇਸ ਦੇ ਪ੍ਰੋਫੈਸਰ ਹਨ। ਉਨ੍ਹਾਂ ਦਾ ਰੱਬ ਵਿੱਚ ਭਰੋਸਾ ਨਹੀਂ, ਪਰ ਰੱਬ ਦੀ ਹੋਂਦ ਰੱਦ ਵੀ ਨਹੀਂ ਕਰਦੇ।

ਮਾਰਸੇਲੋ ਗਲੀਜ਼ਰ ਨੇ ਕਿਹਾ ਕਿ ਵਿਗਿਆਨ ਨੇ ਰੱਬ ਦੀ ਹੱਤਿਆ ਨਹੀਂ ਕੀਤੀ। ਗਲੀਜ਼ਰ ਨੇ ਮੁੱਖ ਰੂਪ ਵਿੱਚ ਇਹ ਪੇਸ਼ ਕਰਨ ਵਿੱਚ ਆਪਣਾ ਸਮਾਂ ਲਾਇਆ ਹੈ ਕਿ ਵਿਗਿਆਨ ਤੇ ਧਰਮ ਇੱਕ ਦੂਜੇ ਦੇ ਦੁਸ਼ਮਣ ਨਹੀਂ। ਨਿਊ ਹੈਂਪਸ਼ਾਇਰ ਯੂਨੀਵਰਸਿਟੀ ਦੇ ਡਾਰਟਮਾਊਥ ਕਾਲਜ ਦੇ ਪ੍ਰੋਫੈਸਰ ਗਲੀਜ਼ਰ ਕਹਿੰਦੇ ਹਨ ਕਿ ਲੋਕ ਉਸ ਚੀਜ਼ ਨੂੰ ਸਿਰੇ ਤੋਂ ਰੱਦ ਕਰ ਦਿੰਦੇ ਹਨ, ਜਿਸ ਵਿਰੁੱਧ ਉਨ੍ਹਾਂ ਕੋਲ ਕੋਈ ਸਬੂਤ ਨਹੀਂ ਹੁੰਦਾ। ਉਹ ਆਪਣੇ ਬਾਰੇ ਕਹਿੰਦੇ ਹਨ ਕਿ ਮੈਂ ਆਪਣਾ ਦਿਮਾਗ ਖੁੱਲ੍ਹਾ ਰੱਖਾਂਗਾ, ਕਿਉਂਕਿ ਮੈਂ ਸਮਝਦਾ ਹਾਂ ਕਿ ਮਨੁੱਖੀ ਗਿਆਨ ਸੀਮਿਤ ਹੈ। ਇਸ ਤੋਂ ਪਹਿਲਾਂ ਟੈਂਪਲਟਨ ਐਵਰਡ ਨਾਲ ਡੇਸਮੰਡ ਟੁੱਟੂ, ਦਲਾਈ ਲਾਮਾ, ਲੇਖਕ ਏਲੈਕਸਾਂਦਰ ਸੋਲਝਨਸਟਾਈਨ ਆਦਿ ਸ਼ਖਸੀਅਤਾਂ ਸਨਮਾਨਤ ਹੋ ਚੁੱਕੀਆਂ ਹਨ। ਇਸ ਐਵਾਰਡ ਵਿੱਚ 15 ਲੱਖ ਡਾਲਰ ਦੀ ਨਕਦ ਰਕਮ ਦਿੱਤੀ ਜਾਂਦੀ ਹੈ, ਜੋ ਨੋਬਲ ਐਵਰਡ ਦੀ ਰਕਮ ਤੋਂ ਜ਼ਿਆਦਾ ਹੈ।

## ਪਾਕਿਸਤਾਨੀ ਚੋਰਾਂ ਨੇ ਕਾਲਾ ਧਨ ਵਿਦੇਸ਼ਾਂ ਵਿੱਚ ਲੁਕਾ ਰੱਖਿਐ



ਇਸਲਾਮਾਬਾਦ, 20 ਮਾਰਚ (ਪੋਸਟ ਬਿਊਰੋ)- ਪਾਕਿਸਤਾਨੀ ਨਾਗਰਿਕਾਂ ਦੇ ਆਪਣੇ ਦੇਸ਼ ਦੇ ਬਾਹਰ 152,500 ਤੋਂ ਵੱਧ ਬੈਂਕ ਖਾਤੇ ਹਨ ਅਤੇ ਇਨ੍ਹਾਂ ਖਾਤਿਆਂ ਵਿੱਚ 11 ਅਰਬ ਡਾਲਰ ਤੋਂ ਵੱਧ ਦੀ ਜਾਇਦਾਦ ਹੋ ਸਕਦੀ ਹੈ।

ਇਕ ਮੀਡੀਆ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ। ਪਾਕਿ-ਸਤਾਨ ਦੇ ਇਕ ਮੰਤਰੀ ਨੇ ਇਸ ਰਕਮ ਨੂੰ ਕਾਲਪਨਾ ਦੱਸਿਆ ਅਤੇ ਕਿਹਾ ਕਿ ਇਸ ਵਿੱਚੋਂ ਅੱਧਾ ਧਨ ਅਣਐਲਾਨਿਆ ਹੈ। ਰੈਵੇਨਿਊ ਰਾਜ ਮੰਤਰੀ ਮੁਹੰਮਦ ਅਜ਼ਹਰ ਨੇ ਲਾਹੌਰ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ (ਐਲ ਸੀ ਸੀ ਆਈ) ਵਿੱਚ ਕਾਰੋਬਾਰੀਆਂ ਨੂੰ ਦੱਸਿਆ ਕਿ ਦੇਸ਼ ਤੋਂ ਬਾਹਰ ਖਾਤਿਆਂ ਦੀ ਗਿਣਤੀ ਸੋਚ ਤੋਂ ਬਾਹਰ ਹੈ। ਡਾੱਨ ਨਿਊਜ਼ ਪੇਪਰ ਦੇ ਮੁਤਾਬਕ ਅਜ਼ਹਰ ਨੇ ਕਿਹਾ, 'ਇਸ ਵਿੱਚ ਖਾਤਾ ਧਾਰਕਾਂ ਦੇ ਨਾਮ ਅਤੇ ਖਾਤੇ ਵਿੱਚ ਜਮ੍ਹਾ ਪੈਸਿਆਂ ਦੇ ਬਾਰੇ ਪੂਰੀ ਜਾਣਕਾਰੀ ਹੈ। ਇਹ ਸਾਰੇ ਖਾਤੇ ਪਾਕਿਸਤਾਨੀਆਂ ਦੇ ਹਨ ਅਤੇ ਇਸ ਵਿੱਚ ਅੱਧੀ ਤੋਂ ਵੱਧ ਰਕਮ ਅਣਐਲਾਨੀ ਹੈ।' ਮੰਤਰੀ ਨੇ ਦੱਸਿਆ ਕਿ ਖਾਤਾ ਧਾਰਕਾਂ 'ਚੋਂ ਬਹੁਤੇ ਅਜਿਹੇ ਲੋਕ ਹਨ, ਜਿਨ੍ਹਾਂ ਕੋਲ ਜਾਇਜ਼ ਕਾਰੋਬਾਰ ਨਹੀਂ ਹੈ। ਉਨ੍ਹਾਂ ਨੇ ਕਿਹਾ, 'ਟੈਕਸ ਚੋਰੀ ਦੇ ਪੈਮਾਨੇ ਲਈ ਇਹ ਸਹੀ ਹੋਣਾ ਚਾਹੀਦੀ। ਜੇ ਅਸੀਂ ਇਨ੍ਹਾਂ ਪੈਸਿਆਂ ਨੂੰ ਵਾਪਸ ਲਿਆ ਸਕਦੇ, ਤਾਂ ਸਾਨੂੰ ਭੀਖ ਨਹੀਂ ਮੰਗਣੀ ਪਵੇਗੀ।' ਅਜ਼ਹਰ ਨੇ ਦੱਸਿਆ ਕਿ ਖਾਤਾ ਧਾਰਕਾਂ ਉਤੇ ਫੈਡਰਲ ਬੋਰਡ ਆਫ ਰੈਵੇਨਿਊ (ਐਫ ਬੀ ਆਰ) ਦੀ ਨਿਗਰਾਨੀ ਸੀ। ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ (ਓ ਈ ਸੀ ਡੀ) ਵੱਲੋਂ ਸਰਕਾਰ ਦੇ ਨਾਲ ਪਾਕਿਸਤਾਨੀ ਨਾਗਰਿਕਾਂ ਦੇ ਦੇਸ਼ ਦੇ ਬਾਹਰ ਬੈਂਕਾਂ ਵਿੱਚ ਖੋਲ੍ਹੇ ਗਏ ਖਾਤਿਆਂ ਦੇ ਬਾਰੇ ਵਿੱਚ ਜਾਣਕਾਰੀ ਸਾਂਝੀ ਕੀਤੀ ਗਈ ਸੀ।

## ਮੈਂ ਕਦੀ ਆਪਣੀ ਜ਼ਬਾਨ ਤੋਂ ਹਮਲਾਵਰ ਦਾ ਨਾਂਅ ਨਹੀਂ ਲਵਾਂਗੀ: ਜੈਸਿੰਡਾ



ਕ੍ਰਾਈਸਟਚਰਚ, 20 ਮਾਰਚ (ਪੋਸਟ ਬਿਊਰੋ)- ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਆਰਡ੍ਰੇਨ ਨੇ ਇਹ ਸੰਕਲਪ ਕਰ ਲਿਆ ਹੈ ਕਿ ਉਹ ਕਦੇ ਵੀ ਕ੍ਰਾਈਸਟਚਰਚ 'ਚ ਅੱਤਵਾਦੀ ਹਮਲਾ ਕਰਨ ਵਾਲੇ ਦਹਿਸ਼ਤਗਰਦ ਦਾ ਨਾਂਅ ਆਪਣੀ ਜ਼ਬਾਨ ਤੋਂ ਨਹੀਂ ਲਵੇਗੀ। ਉਸ ਨੇ ਦੇਸ਼ ਦੀ ਪਾਰਲੀਮੈਂਟ ਦੇ ਵਿਸ਼ੇਸ਼ ਸੈਸ਼ਨ ਦੇ ਸ਼ੁਰੂ 'ਚ ਇਹ ਗੱਲ ਆਖੀ।

ਕਾਲੇ ਕੱਪੜੇ ਪਹਿਨ ਕੇ ਆਈ ਹੋਈ ਜੈਸਿੰਡਾ ਨੇ ਮੁਸਲਮਾਨ ਭਾਈਚਾਰੇ ਨੂੰ ਸੰਬੋਧਨ ਕਰਦੇ ਵਕਤ ਪਹਿਲਾਂ ਦੁਆ ਸਲਾਮ ਕੀਤੀ ਅਤੇ ਫਿਰ ਪਾਰਲੀਮੈਂਟ ਵਿੱਚ ਕਿਹਾ ਕਿ ਕਾਤਲ ਨੂੰ ਨਿਊਜ਼ੀਲੈਂਡ ਦੇ ਕਾਨੂੰਨ ਦੀ ਪੂਰੀ ਤਾਕਤ ਦਾ ਸਾਹ-ਮਣਾ ਕਰਨਾ ਪਵੇਗਾ ਤੇ ਉਸ ਨੂੰ ਸਖਤ ਸਜ਼ਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅੱਤਵਾਦੀ ਨੂੰ ਉਹ ਲੋਕ ਪ੍ਰਸਿੱਧੀ ਹਰਗਿਜ਼ ਨਹੀਂ ਹਾਸਲ ਕਰਨ ਦਿੱਤੀ ਜਾਵੇਗੀ, ਜਿਸ ਦੇ ਲਈ ਉਹ ਬੇਚੈਨ ਹੋ ਰਿਹਾ ਹੈ। ਇਸ ਲਈ ਤੁਸੀਂ ਕਦੇ ਮੇਰੇ ਮੂੰਹ 'ਚੋਂ ਉਸ ਦਾ ਨਾਂਅ ਨਹੀਂ ਸੁਣੋਗੇ। ਜੈਸਿੰਡਾ ਨੇ ਕਿਹਾ ਕਿ ਉਹ ਅੱਤਵਾਦੀ ਹੈ, ਕੱਟੜਪੰਥੀ ਤੇ ਅਪਰਾਧੀ ਹੈ। ਜਦ ਕਦੇ ਮੈਂ ਉਸ ਦੇ ਬਾਰੇ ਗੱਲ ਕਰਾਂਗੀ, ਉਹ ਹਮੇਸ਼ਾ ਬੇਨਾਮ ਰਹੇਗਾ। ਉਨ੍ਹਾਂ ਨੇ ਲੋਕਾਂ ਨੂੰ ਅੱਤਵਾਦੀ ਦਾ ਨਾਂਅ ਲੈਣ ਤੋਂ ਬਚਣ ਦੀ ਸਲਾਹ ਦਿੰਦਿਆਂ ਕਿਹਾ ਕਿ ਚੰਗਾ ਹੋਵੇਗਾ ਕਿ ਉਨ੍ਹਾਂ ਦੇ ਨਾਂਅ ਲਏ ਜਾਣ, ਜਿਨ੍ਹਾਂ ਨੇ ਹਮਲੇ 'ਚ ਆਪਣੀਆਂ ਜਾਨਾਂ ਗਵਾਈਆਂ ਹਨ। ਉਨ੍ਹਾਂ ਨੇ ਅਖੀਰ 'ਚ ਕਿਹਾ ਕਿ ਸ਼ੁੱਕਰਵਾਰ ਨੂੰ ਹਮਲੇ ਨੂੰ ਹਫਤਾ ਪੂਰਾ ਹੋ ਜਾਵੇਗਾ ਅਤੇ ਮੁਸਲਮਾਨ ਭਾਈਚਾਰੇ ਦੇ ਲੋਕ ਇਸ ਦਿਨ ਪ੍ਰਾਰਥਨਾ ਲਈ ਇਕੱਠੇ ਹੋਣਗੇ। ਉਨ੍ਹਾਂ ਸਾਰੇ ਲੋਕਾਂ ਨੂੰ ਮੁਸਲਮਾਨ ਭਾਈਚਾਰੇ ਦੇ ਦੁੱਖ 'ਚ ਸ਼ਰੀਕ ਹੋਣ ਦੀ ਅਪੀਲ ਕੀਤੀ।

ਵਰਨਣ ਯੋਗ ਹੈ ਕਿ ਆਸਟਰੇਲੀਆ ਦੇ ਵਸਨੀਕ ਬ੍ਰੈਂਟਨ ਟਾਰੈਂਟ ਨੇ ਹਮਲਾ ਕੀਤਾ ਸੀ, ਜਿਸ 'ਚ ਸੱਤ ਭਾਰਤੀ ਲੋਕਾਂ ਸਮੇਤ 50 ਲੋਕਾਂ ਦੀ ਮੌਤ ਹੋ ਗਈ ਸੀ।

## ਮਨੋਰੰਜਨ ਖੇਤਰ ਦੀਆਂ ਦਿੱਗਜ ਔਰਤਾਂ ਵਿੱਚ ਪ੍ਰਿਅੰਕਾ ਚੋਪੜਾ ਵੀ

ਲਾਸ ਏਂਜਲਸ, 20 ਮਾਰਚ (ਪੋਸਟ ਬਿਊਰੋ)- ਬਾਲੀਵੁੱਡ ਤੋਂ ਹਾਲੀਵੁੱਡ ਤੱਕ ਜਲਵੇ ਵਿਖਾ ਚੁੱਕੀ ਪ੍ਰਿਅੰਕਾ ਚੋਪੜਾ ਦਾ ਨਾਂ ਅਮਰੀਕਾ 'ਚ ਮਨੋਰੰਜਨ ਖੇਤਰ ਦੀਆਂ ਦਿੱਗਜ ਔਰਤਾਂ 'ਚ ਸ਼ੁਮਾਰ ਹੋ ਗਿਆ ਹੈ।

ਅਮਰੀਕੀ ਅਖਬਾਰ ਯੂ ਐਸ ਏ ਟੂਡੇ ਵੱਲੋਂ ਜਾਰੀ ਕੀਤੀਆਂ ਮਨੋਰੰਜਨ ਜਗਤ ਦੀਆਂ 50 ਦਿੱਗਜ ਔਰਤਾਂ ਦੀ ਸੂਚੀ 'ਚ ਪ੍ਰਿਅੰਕਾ ਤੋਂ ਇਲਾਵਾ ਓਪਰਾ ਵਿਨਫ੍ਰੇ ਤੇ ਮੈਰਿਲ ਸਟ੍ਰੀਪ ਸ਼ਾਮਲ ਹਨ। ਪ੍ਰਸਿੱਧ ਗਾਇਕ ਬੇਯੋਂਸ, ਟੀ ਵੀ ਸਟਾਰ ਐਲਨ ਡੀਜੇਨਰੇਸ, ਪੌਪ ਸਟਾਰ ਜੈਨੀਫਰ ਲੋਪੇਜ ਤੇ ਆਸਕਰ ਜੇਤੂ ਅਦਾਕਾਰਾ ਜੈਨੀਫਰ ਲਾਰੈਂਸ ਨੇ ਇਸ ਸੂਚੀ 'ਚ ਜਗ੍ਹਾ ਬਣਾਈ ਹੈ। ਇਸ ਸੂਚੀ 'ਚ ਨਾਂ ਸ਼ਾਮਲ ਹੋਣ ਤੋਂ ਉਤਸ਼ਾਹਿਤ ਪ੍ਰਿਅੰਕਾ ਨੇ ਕਿਹਾ, 'ਅਜਿਹੀਆਂ ਦਿੱਗਜ ਤੇ ਅਦਭੁਤ ਔਰਤਾਂ ਨਾਲ ਕਿਸੇ ਵੀ ਸੂਚੀ ਦਾ ਹਿੱਸਾ ਬਣਨਾ ਮੇਰੇ ਲਈ ਸਨਮਾਨ ਦੀ ਗੱਲ ਹੈ। ਇਹ ਸਾਰੇ ਮੁਸ਼ਕਿਲ ਹਾਲਾਤ ਤੇ ਚੁਣੌਤੀਆਂ ਦਾ ਸਾਹਮਣਾ ਕਰ ਇਥੇ ਪਹੁੰਚੀਆਂ ਹਨ ਤੇ ਅੱਜ ਸਭ ਤੋਂ ਅੱਗੇ ਖੜੀਆਂ ਹਨ। ਸੂਚੀ 'ਚ ਨਾਂ ਆਉਣਾ ਮੇਰੇ ਲਈ ਪ੍ਰਾਪਤੀ ਹੈ।' 'ਮੈਰੀ ਕਾਮ', 'ਸੱਤ ਖ਼ੂਨ ਮਾਫ' ਤੇ 'ਬਰਫੀ' ਜਿਹੀਆਂ ਬਾਲੀਵੁੱਡ ਫਿਲਮਾਂ 'ਚ ਕੰਮ ਕਰ ਚੁੱਕੀ ਪ੍ਰਿਅੰਕਾ ਨੇ ਟੀ ਵੀ ਸੀਰੀਅਲ 'ਕਵਾਂਟਕੋ' ਨਾਲ ਹਾਲੀਵੁੱਡ 'ਚ ਕਦਮ ਰੱਖਿਆ ਸੀ।

## ਭਾਰਤੀ ਜੋੜਾ ਅਮਰੀਕਾ ਵਿੱਚ ਮਨੁੱਖੀ ਤਸਕਰੀ ਦਾ ਦੋਸ਼ੀ ਕਰਾਰ




ਵਾਸ਼ਿੰਗਟਨ, 20 ਮਾਰਚ (ਪੋਸਟ ਬਿਊਰੋ)- ਕੈਲੀਫੋਰਨੀਆ 'ਚ ਰਹਿੰਦੇ ਭਾਰਤੀ ਜੋੜੇ ਨੂੰ ਭਾਰਤ ਅਤੇ ਨੇਪਾਲ ਤੋਂ ਆਏ ਪਰਵਾਸੀਆਂ ਤੋਂ ਜ਼ਬਰਦਸਤੀ ਕੰਮ ਕਰਾਉਣ ਦਾ ਦੋਸ਼ੀ ਪਾਇਆ ਗਿਆ ਹੈ। ਸਤੀਸ਼ ਕਰਤਨ (45) ਤੇ ਉਨ੍ਹਾਂ ਦੀ ਪਤਨੀ ਸ਼ਰਮਿਸ਼ਠਾ ਬਰਾਈ (45) ਉਤੇ ਬਿਨਾਂ ਤਨਖਾਹ ਦਿੱਤੇ ਵਿਦੇਸ਼ੀ ਮਜ਼ਦੂਰਾਂ ਤੋਂ ਕੰਮ ਕਰਵਾਉਣ ਦਾ ਦੋਸ਼ ਸੀ।

ਸਹਾਇਕ ਅਟਾਰਨੀ ਜਨਰਲ ਐਰਿਕ ਦੇ ਮੁਤਾਬਕ ਇਹ ਜੋੜਾ ਆਪਣੇ ਘਰੇਲੂ ਸਹਾਇਕਾਂ ਨੂੰ ਕੁੱਟਣ ਦੇ ਨਾਲ ਹੀ ਧਮਕੀ ਵੀ ਦਿੰਦੇ ਸਨ ਕਿ ਜੇ ਉਹ ਕੰਮ ਛੱਡ ਕੇ ਗਏ ਤਾਂ ਉਨ੍ਹਾਂ ਨੂੰ ਉਸ ਦਾ ਖਾਮਿਆਜ਼ਾ ਭੁਗਤਣਾ ਪਵੇਗਾ। ਇਸ ਅਪਰਾਧ ਲਈ ਦੋਵਾਂ ਨੂੰ 20-20 ਸਾਲ ਦੀ ਕੈਦ ਅਤੇ 250,000 ਡਾਲਰ ਦਾ ਜੁਰਮਾਨਾ ਵੀ ਹੋ ਸਕਦਾ ਹੈ। ਅਦਾਲਤ ਉਨ੍ਹਾਂ ਨੂੰ ਛੇ ਜੂਨ ਨੂੰ ਸਜ਼ਾ ਸੁਣਾਏਗੀ। ਅਦਾਲਤ 'ਚ ਜਮ੍ਹਾਂ ਕੀਤੇ ਦਸਤਾਵੇਜ਼ਾਂ ਮੁਤਾਬਕ ਕਰਤਨ ਤੇ ਬਰਾਈ ਨੇ ਫਰਵਰੀ 2014 ਤੋਂ ਅਕਤੂਬਰ 2016 ਵਿਚਕਾਰ ਨੇਪਾਲ ਅਤੇ ਭਾਰਤ ਤੋਂ ਆਏ ਪਰਵਾਸੀਆਂ ਨੂੰ ਆਪਣੇ ਘਰ ਦਾ ਕੰਮ ਕਰਨ ਲਈ ਰੱਖਿਆ ਸੀ। ਨੌਕਰੀ ਲਈ ਦਿੱਤੇ ਇਸ਼ਤਿਹਾਰਾਂ 'ਚ ਉਨ੍ਹਾਂ ਨੂੰ ਚੰਗੀ ਤਨਖਾਹ ਦੇਣ ਦਾ ਵਾਅਦਾ ਕੀਤਾ ਸੀ। ਉਹ ਘਰੇਲੂ ਸਹਾਇਕਾਂ ਤੋਂ ਦਿਨ 'ਚ 18 ਘੰਟੇ ਤੋਂ ਵੱਧ ਸਮਾਂ ਕੰਮ ਕਰਵਾਉਂਦੇ ਸਨ। ਕਈਆਂ ਨੂੰ ਉਨ੍ਹਾਂ ਦੋਵਾਂ ਨੇ ਗੈਸ ਸਟੋਵ ਨਾਲ ਸਾੜਨ ਦੀ ਕੋਸ਼ਿਸ਼ ਵੀ ਕੀਤੀ ਸੀ। ਬਰਾਈ ਨੇ ਇਕ ਘਰੇਲੂ ਸਹਾਇਕਾ ਨੂੰ ਮਾਰ ਕੇ ਕੂੜੇ 'ਚ ਸੁੱਟ ਦੇਣ ਦੀ ਧਮਕੀ ਦਿੱਤੀ ਸੀ। ਜੋੜੇ ਦੇ ਖਿਲਾਫ ਅਦਾਲਤ 'ਚ ਮੁਕੱਦਮਾ ਸ਼ੁਰੂ ਹੋਣ 'ਤੇ ਭਾਰਤ ਅਤੇ ਨੇਪਾਲ ਤੋਂ ਕਈ ਮਜ਼ਦੂਰ ਉਨ੍ਹਾਂ ਖਿਲਾਫ ਗਵਾਹੀ ਦੇਣ ਵੀ ਆਏ ਸਨ। ਐਫ ਬੀ ਆਈ ਫੀਲਡ ਆਫਿਸ ਦੇ ਵਿਸ਼ੇਸ਼ ਏਜੰਟ ਨੇ ਕਿਹਾ, 'ਜੋੜਾ ਉਨ੍ਹਾਂ ਮਜ਼ਦੂਰਾਂ ਨੂੰ ਸਾਧਾਰਨ ਨਾਗਰਿਕ ਅਧਿਕਾਰ ਤੋਂ ਵੀ ਵਾਂਝੇ ਰੱਖ ਰਿਹਾ ਸੀ ਜੋ ਬਹੁਤ ਵੱਡਾ ਅਪਰਾਧ ਹੈ।'

## ਯੂ ਐਨ ਨੂੰ 2018 ਵਿੱਚ ਯੌਨ ਸ਼ੋਸ਼ਣ, ਦੁਰ-ਵਿਹਾਰ ਦੀਆਂ 259 ਸ਼ਿਕਾਇਤਾਂ ਮਿਲੀਆਂ

ਯੂ ਐੱਨ ਓ, 20 ਮਾਰਚ (ਪੋਸਟ ਬਿਊਰੋ)- ਸਾਲ 2018 ਵਿੱਚ ਯੂ ਐੱਨ ਓ ਨੂੰ ਯੌਨ ਸ਼ੋਸ਼ਣ ਅਤੇ ਦੁਰਵਿਹਾਰ ਦੇ ਅਜਿਹੇ 259 ਕੇਸਾਂ ਦੀਆਂ ਸ਼ਿਕਾਇਤਾਂ ਮਿਲੀਆਂ, ਜਿਨ੍ਹਾਂ ਵਿੱਚ ਇਸ ਦੀਆਂ ਏਜੰਸੀਆਂ ਅਤੇ ਇਸ ਦੇ ਸੰਗਠਨਾਂ ਵਿੱਚ ਕੰਮ ਕਰਦੇ ਕਰਮਚਾਰੀ ਸ਼ਾਮਲ ਸਨ। ਸਾਲ 2017 ਦੇ ਮੁਕਾਬਲੇ 2018 ਵਿੱਚ ਇਨ੍ਹਾਂ ਘਟਨਾਵਾਂ ਵਿੱਚ 100 ਤੋਂ ਵੱਧ ਵਾਧਾ ਹੋਇਆ ਹੈ। ਇਹ ਗੱਲ ਯੂ ਐੱਨ ਦੀ ਜਨਰਲ ਸੈਕਟਰੀ ਐਂਟੋਨੀਓ ਗੁਤਾਰੇਸ ਵੱਲੋਂ ਪੇਸ਼ ਰਿਪੋਰਟ ਵਿੱਚ ਕਹੀ ਗਈ ਹੈ।

ਪਤਾ ਲੱਗਾ ਹੈ ਕਿ ਯੂ ਐੱਨ ਜਨਰਲ ਅਸੈਂਬਲੀ ਵਿੱਚ ਰੱਖੀ ਗਈ ਰਿਪੋਰਟ ਵਿੱਚ ਇੱਕ ਜਨਵਰੀ 2018 ਤੋਂ 31 ਦਸੰਬਰ 2018 ਤੱਕ ਦਾ ਵੇਰਵਾ ਦਿੱਤਾ ਗਿਆ ਹੈ। ਇਸ ਰਿਪੋਰਟ ਅਨੁਸਾਰ ਇਸ ਸਮੇਂ ਦੌਰਾਨ ਵਿਸ਼ਵ ਸਰਕਾਰਾਂ ਨੂੰ ਯੌਨ ਸ਼ੋਸ਼ਣ ਤੇ ਦੁਰ ਵਿਹਾਰ ਦੇ 148 ਅਜਿਹੇ ਕੇਸਾਂ ਬਾਰੇ ਸ਼ਿਕਾਇਤਾਂ ਮਿਲੀਆਂ ਜਿਨ੍ਹਾਂ ਵਿੱਚ ਸਿੱਧੇ ਤੌਰ ਯੂ ਐੱਨ ਓ ਮੁਲਾਜ਼ਮ ਸ਼ਾਮਲ ਸਨ ਅਤੇ 111 ਅਜਿਹੇ ਕੇਸਾਂ ਦੀਆਂ ਸ਼ਿਕਾਇਤਾਂ ਮਿਲੀਆਂ ਜਿਨ੍ਹਾਂ ਵਿੱਚ ਵਿਸ਼ਵ ਸਰਕਾਰਾਂ ਦੇ ਪ੍ਰੋਗਰਾਮਾਂ ਨੂੰ ਅਮਲ ਵਿੱਚ ਲਿਆਉਣ ਲਈ ਕੰਮ ਕਰਦੇ ਸੰਗਠਨਾਂ ਦੇ ਲੋਕ ਸ਼ਾਮਲ ਸਨ। ਇਸ ਵਿੱਚ ਕਿਹਾ ਗਿਆ ਹੈ ਕਿ 2018 ਵਿੱਚ ਏਦਾਂ ਦੀਆਂ ਘਟਨਾਵਾਂ ਦਾ ਵਾਧਾ ਹੋਇਆ। ਸਾਲ 2017 ਵਿੱਚ ਮਿਲੀਆਂ ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਦੀ ਗਿਣਤੀ 138 ਸੀ, ਜਦ ਕਿ 2016 ਵਿੱਚ ਇਹ ਗਿਣਤੀ 165 ਸੀ। ਰਿਪੋਰਟ ਮੁਤਾਬਕ ਇਸ ਤਰ੍ਹਾਂ ਦੇ ਸਾਰੇ ਦੋਸ਼ਾਂ ਦੀ ਜਾਂਚ ਪੂਰੀ ਨਹੀਂ ਹੋਈ ਤੇ ਇਨ੍ਹਾਂ ਵਿੱਚ ਕਈ ਮਾਮਲਿਆਂ ਵਿੱਚ ਜਾਂਚ ਵਿਚਾਰ ਅਧੀਨ ਹੈ ਜਾਂ ਅਜੇ ਤੱਕ ਸ਼ੁਰੂਆਤੀ ਮੁਲਾਂਕਣ ਦੇ ਪੜਾਅ ਵਿੱਚ ਹੈ।

## ਵਿਗਿਆਨਕਾਂ ਨੇ ਖ਼ੁਦ ਨੂੰ ਰਿਪੇਅਰ ਕਰਨ ਵਾਲੀ ਚਮੜੀ ਬਣਾ ਲਈ

ਸਿੰਗਾਪੁਰ, 20 ਮਾਰਚ (ਪੋਸਟ ਬਿਊਰੋ)- ਵਿਗਿਆਨਕਾਂ ਨੇ ਜੈਲੀਫਿਸ਼ ਤੋਂ ਪ੍ਰੇਰਿਤ ਹੋ ਕੇ ਖਾਸ ਇਲੈਕਟ੍ਰਾਨਿਕ ਚਮੜੀ ਬਣਾਉਣ ਦੀ ਸਫਲਤਾ ਹਾਸਲ ਕੀਤੀ ਹੈ। ਇਸ ਵਿੱਚ ਸੈਲਫ ਹੀਲਿੰਗ ਖ਼ੂਬੀ ਹੈ ਯਾਨੀ ਕਿਸੇ ਰਗੜ ਨੂੰ ਇਹ ਖ਼ੁਦ ਰਿਪੇਅਰ ਕਰਨ ਦੇ ਸਮਰੱਥ ਹੈ। ਇਸ ਦੀ ਮਦਦ ਨਾਲ ਵਾਟਰ ਰਸਿਸਟੈਂਟ ਟੱਚ ਸਕਰੀਨ ਤੋਂ ਲੈ ਕੇ ਪਾਣੀ ਵਿੱਚ ਤੈਰਨ ਦੇ ਸਮਰੱਥ ਕਈ ਤਰ੍ਹਾਂ ਦੇ ਰੋਬੋਟ ਬਣਾਉਣਾ ਸੰਭਵ ਹੋ ਸਕਦਾ ਹੈ। ਨੈਸ਼ਨਲ ਯੂਨੀਵਰਸਿਟੀ ਆਫ ਸਿੰਗਾਪੁਰ ਅਤੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਦੇ ਖੋਜ ਕਰਤਾਵਾਂ ਨੇ ਇਹ ਖਾਸ ਪਦਾਰਥ ਤਿਆਰ ਕੀਤਾ ਹੈ। ਇਹ ਜੈਲੀਫਿਸ਼ ਵਾਂਗ ਪਾਣੀ ਵਿੱਚ ਆਪਣੀਆਂ ਰਗੜਾਂ ਨੂੰ ਖ਼ੁਦ ਠੀਕ ਕਰਨ ਦੇ ਸਮਰੱਥ ਹੈ। ਐਨ ਯੂ ਐਮ ਦੇ ਬੈਂਜਾਮਿਨ ਟੀ ਨੇ ਕਿਹਾ ਕਿ ਅਜੇ ਜਿੰਨੇ ਸੈਲਫ ਹੀਲਿੰਗ ਪਦਾਰਥ ਹਨ, ਉਹ ਪਾਰਦਰਸ਼ੀ ਨਹੀਂ ਅਤੇ ਪਾਣੀ ਵਿੱਚ ਸਹੀ ਕੰਮ ਨਹੀਂ ਕਰਦੇ। ਇਸ ਕਾਰਨ ਇਨ੍ਹਾਂ ਦੀ ਵਰਤੋਂ ਉਨ੍ਹਾਂ ਇਲੈਕਟ੍ਰਾਨਿਕ ਯੰਤਰਾਂ ਲਈ ਨਹੀਂ ਹੋ ਸਕਦੀ, ਜਿਨ੍ਹਾਂ ਨੂੰ ਨਮੀ ਵਾਲੇ ਥਾਵਾਂ 'ਤੇ ਵਰਤੋਂ ਲਈ ਬਣਾਇਆ ਹੈ। ਵਿਗਿਆਨਕਾਂ ਨੇ ਫਲੋਰੋਕਾਰਬਨ ਆਧਾਰਤ ਪਾਲੀਮਰ ਵਾਲੀ ਜੈਲ ਅਤੇ ਫਲੋਰੀਨ ਦੀ ਅਧਿਕਤਾ ਵਾਲੇ ਵਿਕਵਿਡ ਦੀ ਮਦਦ ਨਾਲ ਇਹ ਖਾਸ ਪਦਾਰਥ ਬਣਾ ਲੈਣ ਦੀ ਸਫਲਤਾ ਹਾਸਲ ਕੀਤੀ ਹੈ।

ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
Tico# 50023814
- Special Flights to India and Pakistan
- Special Packages to cuba, mexico
- Online visa application (India)
- Cruise Booking
- Travel insurance
Manjit Batra
manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
New Basement $1,000 Off
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
FIRST CHOICE FINANCIAL LIMITED
TRUCK LOANS
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?
ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!
If you have 'G' license, 3 years experience & a clean record call today for the lowest & best insurance rates
Sujit Majumdar
Agent
Cell: 647-292-1996
Paying too much for auto insurance?
Call today for best & low rates!
27 Rean Drive, Unit 11, Toronto, ON M2K 0A6

Honesty, Reliability, Commitment
HOMELIFE SILVERCITY
Hira Randhawa
Broker
- 1 yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

| $679,000 | $699,000 | $778,900 | $789,000 |
|---|---|---|---|
| William Prkwy/Chinguacouasy | Morning Star/Airport | Charolais & Chinguacouasy | Chinguacousy/Drinkwater |
| All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks. | Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt. | Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown. | Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite... |

Call For:
RESP, SUPER -VISA,& TRAVEL
Insurance
H.Randhawa
416-319-0551

MICHELIN HANKOOK Continental ROADLUX BFGoodrich AEOLUS COMPASAL
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਖਾਲਸਾ ਦੀਵਾਨ ਦੇ ਸਕੱਤਰ, ਖਾਲਸਾ ਸਕੂਲ ਦੇ ਪ੍ਰਧਾਨ ਤੇ ਮੈਨੇਜਰ ਦਾ ਅਸਤੀਫਾ

*** ਮੈਨੇਜਰ ਦੇ ਪੁੱਤਰ ਨੇ ਗੁਰਦੁਆਰਾ ਇਮਾਰਤ 'ਚ ਭੰਗੜਾ ਅਕੈਡਮੀ ਖੋਲ੍ਹੀ**

ਬਠਿੰਡਾ, 20 ਮਾਰਚ (ਪੋਸਟ ਬਿਊਰੋ)- ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਮਗਰੋਂ ਸਿੱਖਾਂ ਦੀ ਇੱਕ ਹੋਰ ਅਹਿਮ ਸੰਸਥਾ ਖਾਲਸਾ ਦੀਵਾਨ ਸ੍ਰੀ ਸਿੰਘ ਸਭਾ ਬਠਿੰਡਾ ਵੀ ਵਿਵਾਦਾਂ ਵਿੱਚ ਵਿੱਚ ਆ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਕਰੀਬ ਇੱਕ ਸਾਲ ਪਹਿਲਾਂ ਨਾਟਕੀ ਢੰਗ ਨਾਲ ਇੱਕ ਸਿਆਸੀ ਪਾਰਟੀ ਦੀ ਸ਼ਹਿ ਉੱਤੇ ਇਸ ਸੰਸਥਾ ਉਪਰ ਹੋਏ ਕਬਜ਼ੇ ਤੋਂ ਬਾਅਦ ਅਹੁਦੇਦਾਰਾਂ ਨੇ ਅਸਤੀਫੇ ਦੇਣੇ ਸ਼ੁਰੂ ਕਰ ਦਿੱਤੇ ਹਨ। ਪਤਾ ਲੱਗਾ ਹੈ ਕਿ ਇਸ ਸੰਸਥਾ ਦੇ ਪ੍ਰਧਾਨ ਅਤੇ ਮੈਨੇਜਰ ਸਮੇਤ ਕੁਝ ਅਹੁਦੇਦਾਰਾਂ ਉੱਤੇ ਸਿੱਧੀਆਂ ਉਂਗਲਾਂ ਉਠਾਈਆਂ ਗਈਆਂ ਹਨ। ਕੱਲ੍ਹ ਮੌਜੂਦਾ ਕੌਂਸਲਰ ਤੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਤਰਲੋਚਨ ਸਿੰਘ ਦੇ ਅਸਤੀਫਾ ਦੇਣ ਤੋਂ ਬਾਅਦ ਖਾਲਸਾ ਦੀਵਾਨ ਸ੍ਰੀ ਸਿੰਘ ਸਭਾ ਦੇ ਸੈਕਟਰੀ ਸੁਖਮੰਦਰ ਸਿੰਘ ਨੇ ਵੀ ਅਹੁਦਾ ਛੱਡ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਗੁਰਦੁਆਰਾ ਸਾਹਿਬ ਦੇ ਮੈਨੇਜਰ ਨੇ ਗੁਰ-ਮਰਿਆਦਾ ਦੇ ਉਲਟ ਭੰਗੜਾ ਅਕੈਡਮੀ ਖੋਲ੍ਹ ਲਈ ਹੈ। ਕਿਹਾ ਜਾ ਰਿਹਾ ਹੈ ਕਿ ਅਗਲੇ ਦਿਨਾਂ ਵਿੱਚ ਕਈ ਹੋਰ ਅਹੁਦੇਦਾਰ ਵੀ ਪ੍ਰਧਾਨ ਅਤੇ ਉਸ ਦੇ ਸਾਥੀਆਂ ਤੋਂ ਦੁਖੀ ਹੋ ਕੇ ਅਹੁਦੇ ਛੱਡ ਕਰ ਸਕਦੇ ਹਨ। ਜਾਣਕਾਰ ਸੂਤਰਾਂ ਅਨੁਸਾਰ ਗੁਰਦੁਆਰਾ ਸਿੰਘ ਸਭਾ ਦੇ ਮੈਨੇਜਰ ਦੇ ਪੁੱਤਰ ਵੱਲੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਵਿੱਚ ਭੰਗੜਾ ਅਕੈਡਮੀ ਖੋਲ੍ਹਣ ਦਾ ਵਿਵਾਦ ਵਧ ਗਿਆ ਹੈ। ਮੈਨੇਜਰ ਗੁਰਚਰਨ ਸਿੰਘ ਬਰਾੜ ਦਾ ਦਾਅਵਾ ਹੈ ਕਿ ਬੱਚਿਆਂ ਨੂੰ ਨਸ਼ਿਆਂ ਤੋਂ ਰਹਿਤ ਕਰਨ ਲਈ ਲੜਕੀਆਂ ਦੇ ਸਕੂਲ ਦੀ ਖਾਲੀ ਇਮਾਰਤ ਵਿੱਚ ਹੀ ਸੰਸਥਾ ਖੋਲ੍ਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਇਸ ਵਕਤ ਪ੍ਰਧਾਨ ਗੁਰਮੀਤ ਸਿੰਘ ਗੀਤਾ ਨੰਬਰਦਾਰ ਵਿਦੇਸ਼ ਚਲੇ ਗਏ ਹਨ। ਖਾਲਸਾ ਸੀਨੀਅਰ ਸੈਕੰਡਰੀ ਸਕੂਲ ਪ੍ਰਧਾਨਗੀ ਤੋਂ ਅਸਤੀਫਾ ਦੇਣ ਵਾਲੇ ਐੱਮ ਸੀ ਤਰਲੋਚਨ ਸਿੰਘ ਦਾ ਦਾਅਵਾ ਹੈ ਕਿ ਪ੍ਰਬੰਧਕ ਕਮੇਟੀ ਦੇ ਕੁਝ ਲੋਕ ਭਟਕ ਗਏ ਅਤੇ ਨਿੱਜੀ ਲਾਲਚ, ਸਵਾਰਥ ਅਤੇ ਹਉਮੈ ਖਾਤਰ ਆਪਹੁਦਰੀਆਂ ਕਰਦੇ ਹਨ।

# ਪਿੰਡ ਫਤਿਹਪੁਰ ਵਿਚ ਅੱਖਾਂ ਦਾ ਮੁਫਤ ਚੈਕਅਪ ਕੈਪ ਲਗਾਇਆ

***200 ਤੋਂ ਵੱਧ ਮਰੀਜਾਂ ਦਾ ਕੀਤਾ ਮੁਫਤ ਚੈਕਅਪ**



ਅੱਖਾਂ ਦਾ ਚੈਕਅਪ ਕਰਦੇ ਹੋਏ ਡਾਕਟਰ ਤੇ ਨਾਲ ਖੜ੍ਹੇ ਸ: ਬੂਟਾ ਸਿੰਘ ਤੇ ਹੋਰ।

ਨਕੋਦਰ, 20 ਮਾਰਚ (ਪੋਸਟ ਬਿਊਰੋ)- ਪਿੰਡ ਫਤਿਹਪੁਰ ਜਲੰਧਰ ਦੇ ਗੁਰਦੁਆਰਾ ਤੀਰ ਸਾਹਿਬ ਸਾਧਿਆਣਾ ਵਿਖੇ ਉਘੇ ਸਮਾਜ ਸੇਵਕ ਸ: ਬੂਟਾ ਸਿੰਘ ਐਮਡੀ ਅੱਲਾ ਰੱਖਾ ਗਰੁੱਪ ਆਬੂਧਾਬੀ ਤੇ ਉਨ੍ਹਾਂ ਦੇ ਪਰਿਵਾਰ ਵਲੋਂ ਸਵ: ਗੁਰਦੇਵ ਸਿੰਘ ਸਰਪੰਚ ਦੀ ਯਾਦ ਵਿਚ 7ਵਾਂ ਵਿਸਾਲ ਅੱਖਾਂ ਦਾ ਮੁਫਤ ਚੈਕਅਪ ਤੇ ਆਪ੍ਰੇਸ਼ਨ ਕੈਪ ਲਗਾਇਆ ਗਿਆ, ਜਿਸ ਵਿਚ ਅੱਖਾਂ ਦੇ ਮਾਹਰ ਡਾ: ਹਰਪ੍ਰੀਤ ਸਿੰਘ ਧੀਮਾਨ ਤੇ ਉਨ੍ਹਾਂ ਦੀ ਟੀਮ ਨੇ 200 ਤੋਂ ਵੱਧ ਮਰੀਜਾਂ ਦਾ ਮੁਫਤ ਚੈਕਅਪ ਕੀਤਾ ਗਿਆ। ਇਸ ਕੈਪ ਵਿਚ 30 ਤੋਂ ਵੱਧ ਆਪ੍ਰੇਸਨ ਕੀਤੇ ਗਏ ਤੇ 95 ਮਰੀਜਾਂ ਨੂੰ ਐਨਕਾਂ ਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ। ਇਸ ਮੌਕੇ ਗੁਰੂ ਕਾ ਲੰਗਰ ਵੀ ਲਗਾਇਆ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਐਮਡੀ ਸ: ਬੂਟਾ ਸਿੰਘ ਨੇ ਕਿਹਾ ਕਿ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰ ਵਲੋ ਹਰ ਸਾਲ ਇਹ ਕੈਪ ਲਗਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅੱਖਾਂ ਦਾ ਕੈਪ ਲਗਾ ਕੇ ਕਿਸੇ ਨੂੰ ਰੌਸ਼ਨੀ ਦੇਣੀ ਉਤਮ ਕੰਮ ਹੈ। ਅਖੀਰ ਵਿਚ ਬੂਟਾ ਸਿੰਘ ਨੇ ਅੱਖਾਂ ਦੇ ਮਾਹਰ ਡਾਕਟਰਾਂ, ਮਰੀਜਾਂ ਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

# ਪਾਕਿਸਤਾਨ ਦੇ ਐਟਮੀ ਪ੍ਰੋਗਰਾਮ ਨਾਲ ਅਮਰੀਕਾ ਦੀ ਸੁਰੱਖਿਆ ਨੂੰ ਵੀ ਖਤਰਾ : ਪੌਂਪੀਓ

ਵਾਸ਼ਿੰਗਟਨ, 20 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਆਪਣੇ ਦੀ ਸੁਰੱਖਿਆ ਨੂੰ ਪੇਸ਼ ਪੰਜ ਵੱਡੇ ਖਤਰਿਆਂ ਬਾਰੇ ਕਿਹਾ ਕਿ ਪਾਕਿਸਤਾਨ ਦੇ ਐਟਮੀ ਪ੍ਰੋਗਰਾਮ ਦੇ ਗਲਤ ਹੱਥੀਂ ਜਾਣ ਦਾ ਸ਼ੱਕ ਵੀ ਕਾਰਨ ਹੈ। ਕੱਲ੍ਹ ਉਨ੍ਹਾਂ ਇੱਕ ਇੰਟਰਵਿਊ ਵਿੱਚ ਪਾਕਿਸਤਾਨ 'ਤੇ ਅੱਤਵਾਦੀਆਂ ਨੂੰ ਪਨਾਹ ਦੇਣ ਦਾ ਦੋਸ਼ ਲਾਇਆ ਅਤੇ ਕਿਹਾ ਕਿ ਅਸੀਂ ਉਸ ਦੇ ਖਿਲਾਫ ਜੋ ਐਕਸ਼ਨ ਲਏ ਹਨ, ਉਹ ਸਾਡੇ ਤੋਂ ਪਹਿਲਾਂ ਕਿਸੇ ਸਰਕਾਰ ਨੇ ਨਹੀਂ ਲਏ ਸਨ।

ਮਾਈਕ ਪੌਂਪੀਓ ਨੇ ਕਿਹਾ ਕਿ ਅੱਤਵਾਦ ਦੇ ਮਸਲੇ ਨੂੰ ਉਹ ਬਹੁਤ ਗੰਭੀਰਤਾ ਨਾਲ ਲੈ ਰਹੇ ਹਨ, ਕਿਉਂਕਿ ਉਨ੍ਹਾਂ ਨੇ ਆਪ ਆਪਣੇ ਮਿੱਤਰਾਂ ਨੂੰ ਇਸ ਲੜਾਈ ਵਿੱਚ ਗੁਆ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ 11 ਸਤੰਬਰ ਦੇ ਹਮਲਿਆਂ ਤੋਂ ਬਹੁਤ ਕੁਝ ਸਿਖਿਆ ਹੈ ਅਤੇ ਅਸੀਂ ਪਾਕਿਸਤਾਨ 'ਤੇ ਇਸ ਬਾਰੇ ਹੋਰ ਕਦਮ ਚੁੱਕਣ ਲਈ ਜ਼ੋਰ ਦਿੱਤਾ ਹੈ। ਪਾਕਿ-ਸਤਾਨ ਅਤੇ ਭਾਰਤ ਵਿਚਾਲੇ ਤਾਜ਼ਾ ਖਿਚਾਅ ਬਾਰੇ ਉਨ੍ਹਾਂ ਕਿਹਾ ਕਿ ਇਹ ਪਾਕਿਸਤਾਨ ਦੇ ਇਲਾਕੇ ਤੋਂ ਜਾਂਦੇ ਅੱਤਵਾਦੀਆਂ ਕਾਰਨ ਸ਼ੁਰੂ ਹੋਇਆ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਪਾਕਿਸਤਾਨ ਨੂੰ ਅਜਿਹੇ ਅੱਤਵਾਦੀ ਗਰੁੱਪਾਂ ਨੂੰ ਰੋਕਣ ਲਈ ਕਦਮ ਵਧਾਉਣੇ ਹੋਣਗੇ ਅਤੇ ਨਾਲ ਹੀ ਅੱਤਵਾਦੀਆਂ ਦੇ ਪਨਾਹ ਲੈਣ ਦੀਆਂ ਥਾਵਾਂ ਖਤਮ ਕਰਨੀਆਂ ਹੋਣਗੀਆਂ।

# ਪਾਕਿਸਤਾਨੀ ਵਿਧਾਇਕ ਦਾ ਹਿੰਦੂਆਂ ਬਾਰੇ ਵਿਵਾਦਤ ਬਿਆਨ



